ਗਜੈਸੇਗਿਗਕੀਅਨੀਕਕੈਸੇਅੰਗਾਜਿਓਨਕਹੂੰਹਰਤਹੈ॥੧੨੧॥ਨਿਸਾਨਿਸਨਾਇ
ਜਨੈਦਿਨਾਦਿਨਪਤਾਨੈਬਿਛਕਨਦਤਾਕੈਪ੍ਰਮਾਨੈਮਹਾਦਾਨਹੈ॥ਅਊਖਧੀਕੈਰੋਗ
ਨਅਨਿਤਰੂਪਜੋਗਨਸਮੀਪਕੈਬਿਯੋਗਨਮਹੇਸਮਹਾਮਾਨਹੈ॥ਜਤੈਖਗਾਖਯਤਾਸਿ
ਸਰੂਪਨਕੈਮਾਤਾਮਹਾਗੀਯਨੀਯੋਗੀਜਨਨਿਯਤਾਕੈਬਿਧਾਤਾਕੈਸਮਾਨਹੈ॥ਗਨ
ਨਗਨੇਸਮਾਨੈਸੂਰਨਸੂਰੇਸਜਾਨੈਜੇਸੇਪੇਖੇਤੈਸੇਈਨਿਲੇਖੇਬਿਰਾਜਮਾਨਹੈ॥੧੨੨॥ਸੁ
ਧਾਸੇਸੁਧਾਰੇਰੂਪਸੋਭਾਤਿਉਜਾਰੇਕਿਧੌਸਾਰੋਬੀਚਢਾਰੇਮਹਾਸੋਭਾਕੇਸੁਧਾਰਕੈ॥ਕੈ
ਧੌਮਹਾਮੋਹਨੀਕੇਮੋਹਬੇਨਮਿਤਿਬੀਠਬਿਧਨਾਬਨਾਏਮਹਾਬਿਧਸੋਬਿਚਾਰਕੈ॥ਕਿ
ਧੌਦੇਵਦੈਤਨਾਬਿਬਾਦਛਾਡਬਡੇਹਿਤਮਥਕੇਸਮੁੰਦ੍ਰਛੀਰਲੀਨੇਹੈਨਿਕਾਰਿਕੈ
ਕਿਧੌਬਿਸਨਾਥਜੂਬਨਾਏਨਿਜਪੇਖਬੇਕਉਅਊਰਨਸਕਤਐਸੀਸੂਰਤੈਸੁਧਾ
ਰਕੈ॥੧੨੩॥ਸੀਮਤਜਿਆਪਨੀਬਿਰਾਨੇਦੇਸਲਾਖਲਾਖਗਜਾਮਿਥਲੇਸਕੇ
ਪਹੂਚੇਦੇਸਆਨਕੈ॥ਤੁਰਹੀਅਨਿਤਬਾਜੈਦੁੰਦਭੀਅਪਾਰਗਾਜੈ॥ਭਾਤਿਭਾਤਿਬਜ
ਨਬਜਾਏਜੋਰਜਨਕੈ॥ਆਗੈਆਨਿਤੀਨੋਨ੍ਰਿਪਕੇਠਲਾਏਲੀਨੇਰੀਤਰੂੜ੍ਹਸਬੈਕੀ
ਨੇਬੈਠਬੇਦਬਿਧਾਨਕੈ॥ਬਗਖਿਯੋਪਨਕੀਧਾਰਪਾਈਐਤਨਮਾਰਾਦਾਰਬਿਛਕਰ
ਏਨ੍ਰਿਪਾਰਐਸੇਪਾਇਦਾਨਕੈ॥੧੨੪॥ਬਾਨੇਛਹਰਾਨੇਪਹਰਨੇਦੁੰਦਭਅਰਰਾਨੇ
ਜਨਕਪੁਰੀਕੇਨੀਅਰਾਨੇਬੀਰਜਾਇਕੈ॥ਕਹੂੰਚਉਰਢਾਰੈਕਹੂੰਚਾਰਣਉਚਾਰੈ
ਕਹੂੰਭਾਟਜੁਪੁਕਾਰੈਛੰਦੁਸੁਦਰਬੁਨਾਇਕੈ॥ਕਾਹੂੰਬੀਨਬਾਜੈਕਊਬਾਸੁਰੀਮ੍ਰਿਦੰ
ਗਜਾਜੈਦੇਖਬੇਕਾਮਨਜੇਰਹੇਭਿਛਕਅਘਾਇਕੈ॥ਰਿਕਤੇਸੁਰਾਜਾਭਇਆ
ਸਖਾਅਸੇਖਦਏਮਾਗਤਨਭਏਫੇਰਐਸੋਦਾਨਪਾਇਕੈ॥੧੨੫॥ਪਾਹੁਨਕੈਜ
ਨਕਲੀਨੇਕੇਠਸੋਨਲਗਾਇਤਿਹੂੰਆਦਰਦੂਰਿਤਕੈਅਨਿਤਭਾਤਲਏਹੈ॥ਬੇ
ਦਕੈਬਿਧਾਨਕੈਕੈਬ੍ਰਿਯਾਸਤੇਬਧਾਈਬੇਦੀਏਕਏਕਾਬਿਪਨਕੋਬਿਸੇਖਸੁ
ਰਣਦਏਹੈ॥ਰਾਜਾਕੇਕੁਮਾਰਸਬੈਪਹਿਰਾਏਸਿਰਪਾਇਨਤੇਮੋਤੀਆਨਕਕੇਬ

Digitized by Panjab Digital Library | www.panjabdigilib.org

ਰਖਮੇਘਗਏਹੈ॥ਦਿੰਡੀਸੁਵੇਤਦੀਨਕੇਤੇਸਿਧੁਲੀਤੁਰੇਨਵੀਨੇਰਜਾਕੇਕੁਮਾਰਤੀਨੇ
ਬਿਜਾਹਕੇਪਠਏਹੈ॥੧੭੬॥ਦੋਧਕਛੰਦ॥ਬਿਆਹਸੁਤਾਨਿਪਕੀਨਿਪਬਾਲੀ॥
ਮਾਰ॥ਬਿਦਾਮੁਖਲੀਨਉਤਾਲੀ॥ਸਾਜਨਬਾਜਚਲੇਗਜਸੰਜਾਤਿ॥ਏਸਨਏਸਨ
ਰੇਸਨਕੇਜੁਤਾ॥੧੭੭॥ਦਾਜਸੁਮਾਰਸਕੈਕਰਕਉਨੈ॥ਬੀਨਸਕੈਬਿਧਨਾਨਹੀਤ
ਉਨੈ॥ਬੇਸਨਬੇਸਨਬਾਜਮਹਾਮਤਿ॥ਭੇਸਨਭੇਸਚਲੇਗਜਗਜਾਤਿ॥੧੭੮॥ਬਾਜ
ਤਿਨਾਦਨਫੀਰਨਕੇਗਨ॥ਗਾਜਤਸੂਰਪ੍ਰਮਾਥਮਹਾਮੁਨਿ॥ਅਉਧਪੁਰੀਨੀਅਰਾ
ਰਹੀਜਬ॥ਪ੍ਰਾਪਤਿਭੁਏਰਘੁਨੰਦਤਹੀਤਬ॥੧੭੯॥ਅਤਨਵਾਰਪੀਜੋਜਲਪਾ
ਨੈ॥ਦੇਖਨਰੇਸਰਹੇਛਬਿਮਾਨੈ॥ਭੁਪਾਬਿਲੋਕਤਲਾਇਲਏਉਰ॥ਨਾਰਤਿਗਾਂ
ਤਗੀਤਭੁਏਪੁਰ॥੧੮੦॥ਭੂਪਜਬੈਜਾਹਜਬੈਗ੍ਰਿਹਆਏ॥ਬਾਜਤਿਭਾਂਤਿਅਨੇਕ
ਬਧਾਏ॥ਤਤਬਸਿਸਟਜੂਮਿਤ੍ਰਬੁਲਾਏ॥ਅਉਰਅਨੇਕਤਹਾਰਿਖਆਏ॥੧੮੧॥
ਘੋਰਉਠੀਘਹਰਾਇਘਟਤਬ॥ਚਾਰੋਦਿਸਾਦਗਦਾਹਲਾਖਿਜੋਸਬ॥ਮੰਤ੍ਰੀਮਿਤ੍ਰ
ਸਬੈਅਕੁਲਾਨੇ॥ਭੂਪਤਸੋਇਹਭਾਂਤਬਖਾਨੇ॥੧੮੨॥ਹੋਤਤਪਾਤਬਡੇਸੁਣਰਾਜਾ
ਮੰਤ੍ਰਕਰੇਰਿਖਜੋਰਸਮਾਜਨ॥ਬੋਲਹੁਬਿਪ੍ਰਬਿਲੰਬਨਕੀਜੈ॥ਹੋਮਕ੍ਰਿਤਜਗਆਰੰ
ਭੁਨਕੀਜੈ॥੧੮੩॥ਆਇਸਰਾਜਦਯੋਤਤਕਾਲਹ॥ਮੰਤ੍ਰਸਮਿਤ੍ਰਹਬਪੂਛਿਸਾਲਹ
ਹੋਮਕ੍ਰਿਤਜਗਆਰੰਭੁਨਕੀਜੈ॥ਆਇਸਬੇਗਨਰੇਸਕਰੀਜੈ॥੧੮੪॥ਬੋਲਬਡੇ
ਰਿਖਲੀਨਮਹਾਦਿਜ॥ਹੋਤਿਨਬੋਲਲਯੋਜੁਤਰਿਤੁਅਜ॥ਪਾਵਕਕੁੰਡਖੁਦਯੋਤੋ
ਹਿਅਉਸਰ॥ਗਾਡੀਖੰਭਤਹਾਧ੍ਰਮਧੁਰ॥੧੮੫॥ਛੋਰਿਲਯੋਗਜਸਾਰਹੁਤੇਗਜ
ਅਸਤਕਰਨਪ੍ਰਭਾਸਤਕੇਕਯ॥ਦੇਸਨਦੇਸਨਰੇਸਦਏਸੰਗ॥ਸੁੰਦਰਸੂਰਸੁਰੰ
ਗਸੁਭੈਅੰਗ॥੧੮੬॥**ਸਮਾਨਕਛੰਦ**॥ਨਰੇਸਸੰਗਕੈਦਏ॥ਪ੍ਰਬੀਨਬੀਨਕੈਲਏ
ਸਨਧਬਧਾਇਚਲੇ॥ਸੁਬੀਰਬੀਰਹਾਭਲੇ॥੧੮੭॥ਬਿਦੇਸਦੇਸਗਾਹਿਕੈ॥ਅ
ਦਾਹਰਉਰਦਾਹਿਕੈ॥ਫਿਰਾਇਬਾਜਰਾਜਕਉ॥ਸੁਧਾਰਰਾਜਕਾਜਕਉ॥੧੮੮

Digitized by Panjab Digital Library | www.panjabdigilib.org

ਨਰੇਸਪਾਇਲਾਗਸੀਖੀਆ॥ਵ੍ਰਿਤਦੇਖਤੁਭਾਗੀਧੀ॥ਸੁਪੂਰਜਗਤੋਕਕੋਂ॥ਨਰੇਸਤ੍ਰਾਸਕਉਹ
ਰਿਖੋ॥੧੮੯॥ਅਨੰਤਦਾਨਪਾਇਕੈ॥ਚਲੇਦਿਜੇਸਆਘਾਇਕੈ॥ਵ੍ਰਿਤਾਂਤਆਸਖੇਰਤ੍ਰੈ॥
ਰਿਤਾਸਬੇਦਕੀਪੜ੍ਹੈ॥੧੯੦॥ਨਰੇਸਦੇਸਦੇਸਕੇ॥ਸੁਭੰਤਭੇਸਭੇਸਕੇ॥ਬਿਸੇਖਸੂਰ
ਸੋਭਹੀ॥ਸਸੀਲਨਾਰਿਲੋਕਹੀ॥੧੯੧॥ਬਜੰਤ੍ਰਕੋਟਬਜਗੀ॥ਅਨੇਕਰਾਗਸਜਗੀ॥ਬਨਾਇਦੇਵਤਾਧਰੇ॥ਸਮਾਨਜਾਇਪ
ਧਰੇ॥ਅਨੇਕਤਉਤਪੰਧਰੇ॥ਬਸੇਖਭਾਂਨ [illegible]॥ਸੁਮਾਸ੍ਰਿਜੋਤਜਾਪੀਓ॥ਵ੍ਰਿਤੰਤਥਾਪਥਾਪੀਓ॥੧੯੩॥ਨਗ੍ਰ
ਚਾਰਮਗਿਨਾ॥ਸੁਜਨਦੇਵਅਗਿਨਾ॥ਕਮੀਨਕਉਨਕਾਜਕੀ॥ਪ੍ਰਭਾਵਰਾਮਰਾਜਕੀ॥
੧੯੪॥ **ਸਾਰਸੁਤੀ ਛੰਦ॥** ਦੇਸਦੇਸਨਕੀਕਿਰਿਆਸਿਖਵੈਤਹੈਂ॥ਦਿਜਏਕਾ॥ਬਨਾਅਉ
ਰਕਮਾਨਕੀਬਿਧਦੇਤਆਨਅਨੇਕਾ॥ਭਾਂਤਭਾਂਤਨਸੌਂਪੜ੍ਹਾਵਤਬਾਰਨਲਾਗਸਿੰਧਾਗਾਕੋ
ਕਕਾਬਿਧਪੜ੍ਹੈਕਉ॥ਸਿਖਿਆਕੁਰਨਬੇਦਬਿਚਾਰਾ॥੧੯੫॥ਰਾਮਪਰਮਪਵਿਤ੍ਰਹੈਰਘੁਬੀ
ਸਕੇਅਵਤਾਰਾ॥ਦੁਸਟਦੇਤਨਕੇਸਿਧਾਰਕਸੰਤਧਰਮਅਧਾਰਾ॥ਦੇਸਿਦੇਸਿਨਰੇਸ
ਜੀਤਅਸੇਸਕੀਨਗੁਲਾਮਾ॥ਜੋਰਤ੍ਰਤੇਰਪੁਜਾਬਧੀਜੇਪੁਤ੍ਰਕੀਸਬਧਾਂਮਾ॥੧੯੬॥ਬਾ
ਟਤੀਨਦਿਸਾਤਿਹੂ॥ਸੁਤਰਾਜਧਾਨੀਰਾਮਾ॥ਬੋਲਰਾਜਾਬਿਸਿਸ਼ਟਕੀਨਬਿਚਾਰਕੇਤਕ
ਜਾਮਾ॥ਸਾਜਰਾਘਵਰਾਜਕੇਘਟਪੂਰਬਾਖਸਏਕਾ॥ਆਥ੍ਰਮਉਨਦੇਸਉਦਕਆਉ
ਰਪੁਹਪਅਨੇਕਾ॥੧੯੭॥ਬਾਰਚਾਰਾਮਪਾਰਕੀਂਕਮਚੇਦਨਾਦਿਅਨੰਤਾ॥ਰਤ੍ਨਸ
ਜਧਰੇਸਬੈਤਹਆਨਆਨਵਰੰਤਾ॥ਮੰਤ੍ਰਰਾਇਕਗਾਧ੍ਰਬੀਬ੍ਰਹਮਾਧਰੀਤਿਕਾਲਾ॥
ਬਜਸਨਸਣੇਚਰਨੀਸੁਭਸੁਭ੍ਰਧਉਲਉਤਾਲਾ॥੧੯੮॥ਬੇਣਬੀਣਮ੍ਰਿਦੰਗਬਾਜਸਣੇ
ਰਹੀਚਕਥਾਲਾ॥ਰਾਮਰਾਜਉਠੀਜਯਤਧੁਨਿਭੂਮਭੂਗਬਿਸਾਲਾ॥ਜਾਤਈਸਿੰਗਕੇ
ਕਈਇਹਕ੍ਰਾਂਤਿਬੋਲੀਬਾਤਿ॥ਹਾਥਬਾਤਛੂਈਚਲੀਬਰਮਾਗਹੈਕਿਹਰਾਤਿ॥੧੯੯॥
ਕੇਕਈਇਮਜਉਸੁਨਭਈਦੁਖਤਾਸਰਬੰਗਾ॥ਨੂਅਭੂਮਗਿਰੀਮ੍ਰਿਗੀਜਿਮਲਾਗਬਾਣ
ਸੁਰੰਗਾ॥ਜਾਤਹੀਅਵਧੇਸਕਉ॥ਇਹਕ੍ਰਾਂਤਿਬੋਲੀਬੈਨਾ॥ਦੀਜੀਏਬਰਭੂਪਮੋਕਉਜੋ
ਕਹੇਦੁਇਦੈਨਾ॥੨੦੦॥ਰਾਮਕੋਬਨਦੀਜੀਏਅਪੁਤ੍ਰਕਉਨਿਜਰਾਜਾ॥ਰਾਜਸਾਜਸੁ

Digitized by Panjab Digital Library | www.panjabdigilib.org

ਸੰਪਦਾਦੇਉਚਉਰਛਤ੍ਰਸਮਾਜੀ।ਦੇਸਅਉਰਬਿਦੇਸਕੀਠਕੁਰਾਇਦੈਜਭੁਮੋਨ੍ਰਿਪਾਸਤਸੀ
ਲਸਤੀਜਤਬ੍ਰਿਤਉਪਛਨੋਤੋਹਿ।੨੦੧।ਪ੍ਰਪਨੀਬਨਰਾਮਕੋਪੈਂਹੋਕਹਾਜਸਕਾਢਾਭੁਸ
ਮਆਨਨਤੇਂਗਈਕਹਿਕੈਸਕੇਅਸਬਾਢਾਕੋਪਭੂਪਲੁਆਂਭਰਿਲੈਤੁਹਿਕਾਢੀਮੋਇਹਕਾ
ਲਾ।ਨਾਸਤੋਰਨਕੀਜੀਐਤਕਛਤ੍ਰੀਐਤੁਹਿਬਾਲਾ।੨੦੨। **ਨਗਸਰੂਪੀਛੰਦ**।ਨਰਦੇਵਦੇਵ
ਰਾਮਹੈ।ਅਭੇਵਧਾਮਧਾਮਹੈ।ਅਬੁਧਨਾਰਿਤੈਮਨੋ।ਬਿਸੁਧਬਾਤਕੋਭੁਨੋ।੨੦੩।ਅਗਾ
ਧਦੇਵਅਨੰਤਹੈ।ਅਭੂਤਸੋਭਵੰਤਹੈ।ਕ੍ਰਿਪਾਲਕਰਮਕਾਰਣੰ।ਬਿਹਾਲਦਿਆਲਤਾ
ਣੰ।੨੦੪।ਅਨੇਕਸੰਤਤਾਰਣੰ।ਅਦੇਵਦੇਵਕਾਰਣੰ।ਸੁਰੇਸਭਾਇਰੂਪਣੰ।ਸਮਿਧ
ਸਿਧਰੂਪਣੰ।੨੦੫।ਬੁਰੰਨਰੇਸਦੀਜੀਐ।ਕਹੇਸਪੂਰਕੀਜੀਐ।ਨਸੰਕਰਾਜਧਾਰੀ
ਐ।ਨਬੋਲਿ ਬੋਲਿਹਾਰੀਐ।੨੦੬। **ਨਗਸਰੂਪੀਛੰਦ**।ਨਲਜੀਐ।ਨਭਾਜੀਐ।
ਰਘੁਏਸਕੋ।ਬਨਾਏਸਕੋ।੨੦੭।ਬਿਦਾਕਰੋ।ਧਰਾਹਰੋ।ਨਭਾਜੀਐ।ਬਿਰਾਜੀ
ਐ।੨੦੮।ਬਸਿਸਟਕੋ।ਦਿਜਸ੍ਰੇਸਟਕੋ।ਬੁਲਾਈਐ।ਪਠਾਈਐ।੨੦੯।ਨਰੇਸਜੀ
ਉਸੇਸਜੀ।ਘੁਮੇਘਿਲੇ।ਧਰਾਗਿਰੇ।੨੧੦।ਸੁਚੇਤਭੇ।ਅਚੇਤਤੇ।ਉਸਾਸਲੈ।ਉਦਾ
ਸਹ੍ਵੈ।੨੧੧। **ਉਗਾਧਛੰਦ**।ਸਬਾਰਨੈਣੰ।ਉਦਾਸਬੈਣੰ।ਕਹਿਓਕੁਨਾਰੀ।ਕੁਬ੍ਰਿਤਕਾ
ਰੀ।੨੧੨।ਕਲੰਕਰੂਪਾ।ਕੁਬ੍ਰਿਤਕੂਪਾ।ਨਿਲੱਜਨੈਣੀ।ਕੁਬਾਕੁਬੈਣੀ।੨੧੩।
ਕਲੰਕਕਰਣੀ।[illegible]।ਸਮਿਧਹਰਣੀ।[illegible]।ਅਕ੍ਰਿਤਕਰਮਾ।ਨਿਲੱਜ
ਧਰਮਾ।੨੧੪।ਅਲਜਧਾਮੀ।ਨਿਲੱਜਬਾਮੀ।ਅਬੇਕਕਰਣੀ।ਸਸੋਕਹਰਣੀ।
੨੧੫।ਨਿਲੱਜਨਾਰੀ।ਕੁਕਰਮਕਾਰੀ।ਅਰੈਨਮਰਣੀ।ਅਕਾਜਕਰਣੀ।੨੧੬।
ਕੇਕਈਬਾਚ। ਉਗਾਧਛੰਦ।ਨਰੇਸਮਾਨੋ।ਕਹਿਯੋਪਛਾਨੋ।ਬਰਾਦਿਯੋਸੁਦੇਹੂ।ਬਰਿਦੋ
ਮੋਹੂ।੨੧੭।ਚਿਤਾਰਲੀਜੈ।ਕਹਿਯੋਸੁਦੀਜੈ।ਨਧਰਮਹਾਰੋ।ਨਭਰਮਟਾਰੋ।੨੧੮
ਬੁਲੈਬਸਿਸਟੈ।ਅਪੂਰਬਇਸਟੈ।ਕਹੀਸੀਭ੍ਰੇਸੋ।ਨਿਕਾਰਦੇਸੋ।੨੧੯।ਬਿਲੰਬ
ਨਕੀਜੈ।ਸਮਾਨਲੀਜੈ।ਰਿਖੇਸਰਾਮੀ।ਨਿਕਾਰਧਾਮੀ।੨੨੦।ਰਹੇਨਿਜਾਨੀ।ਭਈਦਿਵ

> ਅਧਰਮਰੂਪਾ
> ਅਕੱਲਕੂਪਾ੨੧੬
> ਪਹਪੰਥਾਰੀ
> ਕੁਕਰਮਕਾਰੀ

Digitized by Panjab Digital Library | www.panjabdigilib.org

ਲੀਅ ਰੂਪੰਨ ਬਉਰੀਅ ਬਕੈਤ ਤਰਉਰੀ ॥੨੨੨॥ ਧਰਿ ਸਿਸ ਭੂਪਾ ॥ ਨਿਖੇਧ ਕੂਪਾ ॥ ਦ੍ਰਿਬ ਕੁਬੈਨੀ ॥
ਨਰੇਸ ਛੈਨੀ ॥੨੨੩॥ ਨਿਕਾਰਾਮੀ ॥ ਅਧਰਮ ਧਾਮੀ ॥ ਹਤੈ ਜੋਨਿ ਜੇਸੀ ॥ ਕੁਕਰਮ ਬੇਸੀ ॥
੨੨੪॥ ਉਗਾਥ ਛੰਦ ॥ ਅਜਿਤਾ ਜਿਤੇ ॥ ਅਬਾਹ ਬਾਹੇ ॥ ਅਖੰਡ ਖੰਡੇ ॥ ਅਦਾਹ ਦਾਹੇ ॥ ਅਭੰਡ ਭੰ
ਡੇ ॥ ਅਡੰਗ ਡੰਗੇ ॥ ਅਮੁਨ ਮੁਨੇ ॥ ਅਭੰਗ ਭੰਗੇ ॥੨੨੫॥ ਅਕਰਮ ਕਰਮੰ ॥ ਅਲਖ ਲਖੇ
ਅਡੰਡ ਡੰਡੇ ॥ ਅਭਖ ਭਖੇ ॥ ਅਥਾਹ ਥਾਹੇ ॥ ਅਦਾਹ ਦਾਹੇ ॥ ਅਭੰਗ ਭੰਗੇ ॥ ਅਬਾਹ ਬਾਹੇ ॥੨੨
੬॥ ਅਭਿਜ ਭਿਜੇ ॥ ਅਜਾਲ ਜਾਲੇ ॥ ਅਖਾਪ ਖਾਪੇ ॥ ਅਚਾਲ ਚਾਲੇ ॥ ਅਭਿੰਨ ਭਿੰਨੇ ॥
ਅਡੰਡ ਡੰਡੇ ॥ ਅਕਿਤ ਕਿਤੇ ॥ ਅਮੰਡ ਮੰਡੇ ॥੨੨੭॥ ਅਛਿਦ ਛਿਦੇ ॥ ਅਦਗ ਦਗੇ ॥ ਅਰੋ
ਰਚੌਰੇ ॥ ਅਠੱਗ ਠੱਗੇ ॥ ਅਭਿਦ ਭਿਦੇ ॥ ਅਫੋੜ ਫੋੜੇ ॥ ਅਕੱਜ ਕੱਜੇ ॥ ਅਜੋੜ ਜੋੜੇ ॥੨੨੮॥
ਅਧੀਧ ਧੀਧੇ ॥ ਅਕੱਜ ਕੱਜੇ ॥ ਅਭਿੰਨ ਭਿੰਨੇ ॥ ਅਭੁਜ ਭੁਜੇ ॥ ਅਛੇੜ ਛੇੜੇ ॥ ਅਲੱਖ ਲੱਖੇ
ਅਜਿਤਾ ਜਿਤੇ ॥ ਅਬੱਧ ਬੱਧੇ ॥੨੨੯॥ ਅਚੀਰ ਚੀਰੇ ॥ ਅਤੋੜ ਤੋੜੇ ॥ ਅਠੱਟ ਠੱਟੇ ॥
ਅਪਾੜ ਪਾੜੇ ॥ ਅਧੱਕ ਧੱਕੇ ॥ ਅਪੁੱਗ ਪੁੱਗੇ ॥ ਅਜੁੱਧ ਜੁੱਧੇ ॥ ਅਜੋਗ ਜੋਗੇ ॥੨੩੦॥ ਅ
ਟੱਕ ਟੱਕੇ ॥ ਅਕਿੰਗ ਕਿੰਗੇ ॥੨੩੧॥ ਅਦਿਖ ਦਿਖੇ ॥ ਅਛਾਹ ਛਾਹੇ ॥ ਅਗਾਜ ਗਾਜੇ ॥
ਅਥਾਹ ਥਾਹੇ ॥ ਅਮੁਨ ਮੁਨੇ ॥ ਅਹੇਹ ਹੇਹੇ ॥ ਇਵੰ ਚਰਿਤ੍ਰ ਨਾਰੀ ਤ ਸੁਖ ਕੇਹੋ ॥੨੩੨॥ ਦੋਹਰਾ ॥
ਇਹ ਬਿਧਿ ਕੇਕਈ ਹਠ ਗਹਿ ਬਰ ਮਾਂਗ ਨ੍ਰਿਪਤੀਰ ॥ ਅਰੁ ਆਤੁਰ ਕਿਆ ਕਹਿ
ਸਕੈ ਬਧਉ ਕਾਮ ਕੇ ਤੀਰ ॥੨੩੩॥ ਦੋਹਰਾ ॥ ਬਧ ਬਿਧ ਪਰਪਾਇਣ ਰਹੇ ਮੋਰੇ ਅਨੇਕ ॥
ਗਹਿਓ ਹਠਿ ਅਬਲਾ ਰਹੀ ਮਾਨਿਓ ਬਚਨ ਨ ਏਕ ॥੨੩੪॥ ਬਰ ਦਯੋ ਮੈ ਛੋਰੇਨ
ਹੀ ਤੈ ਕਾਰ ਕੈ ਕੋਇ ਉਪਾਇ ॥ ਘਰ ਮੋ ਸੁਤ ਕਉ ਦੀਜੀਐ ਬਨ ਬਾਸੈ ਰਘੁਰਾਇ ॥੨੩੫॥
[illegible] ਜੋ ॥
[illegible]
ਅ [illegible] ॥੨੩੬॥ ਭੂਪ ਧਰਨ ਬਿਨੁ ਸੁਧਿ ਗਿਰਿਯੋ ਸੁਨਤ ਬਚ
ਨੜੀਯਕਨਾ ॥ ਜਿਮਿ ਮ੍ਰਿਗੇਸ ਬਨ ਕੇ ਬਿਖੇ ਬਧ ਜੋ ਬਧਕ ਬਰ ਬਾਨ ॥੨੩੭॥ ਤਰ
ਫਰਤ ਪ੍ਰਿਥਵੀ ਪਰ ਗਿਰਯੋ ਸੁਨਿ ਬਨ ਰਾਮ ਉਚਾਰ ॥

ਅਡੰਗ ਡੰਗੇ
ਅਮੋੜ ਮੋੜੇ
ਅਖਿਦ ਖਿਦੇ
ਅਜੋੜ ਜੋੜੇ
ਅਕੂਟ ਕੂਟੇ
ਅਸਾਧ ਸਾਧੇ
ਅਟੂਟ ਟੂਟੇ
ਅਸੁਰ ਛੇਦੇ ੨੩੦

+ ਅਕੂਟ ਕੂਟੇ ॥ ਅਪੂਪ ਪਾਏ ॥ ਅਦੂਰ ਦੂਰੇ ॥ ਅਦਾਵ ਦਾਏ ॥ ਅਬੀਰ ਬੀਰੇ ॥ ਅਭੰਗ ਭੰਗੇ ॥

ਪਲਕਪਲਨਤਿਯਾਗੇਤਜਾਤਿਮਧੁਸਫਰੀਸਰਬਾਗਾ॥੨੩੮॥ਰਾਮਨਾਮਸ੍ਰਵਨਨਸੁਣਿਯੋ
ਉਠਾਬਿਰਖੁਜਯੋਸੂਰੇਤਾ॥ਜਨੁਰਨਸੁਭਟਗਿਰਿਯੋਉਠਯੋਗਾਹਿਨਿਤੁਗਸੁਰੇਤਾ॥੨੩੯॥
ਪਲਪਤਲਨਿਪਬਰਸਹੋਧਰਮਨਛੋਰਾਜਾਇ॥ਦੈਨਕਹੇਜੋਬਰਹੁਤੇਤਨਜੁਤਦਏਉਠਾਇ॥
੨੪੦॥ ਕੇਕਈਨ੍ਰਿਪੋਬਾਰਬਲਸਿਮ੍ਰਿਸੋ॥ ਦੋਹਰਾ॥ਰਾਮਪਿਯਾਨੇਬਨਕਰੈ॥ਭਰਥੁਕਰੈਠਕੁ
ਰਾਇ॥ਬਰਖਚਤੁਰਦਸਕੈਬਿਤੈਫਿਰਰਾਜਾਰਘੁਰਾਇ॥੨੪੧॥ਕਹੀਬਸਿਸਟਸੁ
ਧਾਰਕਾਰਸੀਰਘੁਬਰਸੋਜਾਇ॥ਬਰਖਚਤੁਰਦਸਭਰਥਨਿਪਪੁਨਿਤੁਮਸੀਰਘੁ
ਰਾਇ॥੨੪੨॥ਸੁਨਿਬਸਿਸਟਕੋਬਚਸ੍ਰਵਨੁਰਘੁਪਤਿਫਿਰੇਸੁਸੋਗ॥ਉਤਦਸਰ
ਥਤਨਕੋਤਜੋਸ੍ਰੀਰਘੁਬੀਰਬਿਯੋਗ॥੨੪੩॥ਸੋਰਠਾ॥ਗਹਿਆਦ੍ਰਤਰਘੁਰਾਇਕੁਧਨੁ
ਦੀਯੋਲੁਟਾਇਕੈ॥ਕਟਤਰਕਸੀਸੁਹਾਇਬੋਲਾਤਿਭੇਸੀਅਸੋਬਚਨਾ॥੨੪੪॥ਸੋਰਠ
ਸੁਨਿਸੀਅਸੁਜਸਸੁਜਾਨਰਹੋਕੁਸਲਮਾਤੀਰਤੁਮਾ॥ਰਾਜਕਰਉਫਿਰਿਆਨਤੋਹਿਸਹਿ
ਤਬਨਬਾਸਬਾਸਿ॥੨੪੫॥ਸੀਤਾਬਾਚਾ॥ਰਾਮਸੋ॥ ਸੋਰਠਾ ਮੈਨਤਜੋਪ੍ਰਿਅਸੰਗਕੈ
ਸੋਈਦੁਖਜੀਅਪੇਧਰੋ॥ਤਨਕਨਮੋਰਉਅੰਗਤਾਤੇਹੋਇਅਨਿਗਾਕਿਨਾ॥੨੪੬॥
ਰਾਮਬਾਚ॥ਸੀਤਾਪ੍ਰਤਿ॥ ਮਨੋਹਰਛੰਦ॥ਜਉਨਰਹੋਸਸੁਰਾਗਕਿਸੋਦਰਜਾਹਿਪਿਤਾਗਿ
ਹਤੋਹਿਪਠੈਦਿਓ॥ਨੈਕਸਭਾਨਨਤੇਹਮਕਉਜੋਈਠਾਂਟਕੈਸੋਈਗਾਰਗਠੈਦਿਉ॥ਜੇ
ਕਛੁਚਾਹਕਰੋਧਨਕੀਨੂਕਮੋਹਿਕਹੋਸਬਤੋਹਿਹਉਠੈਦਿਓ॥ਕੇਤਕਅਉਧਕੋਰਾਜਸਲੋ
ਚਨਰੰਕਕਲੋਕਨਿਜਿਕਲੁਟੈਦਿਉ॥੨੪੭॥ਧੀਰਸੀਆਬਨਤੂਸੁਕਮਾਰਕਹੇਹਮ
ਸੋਕਸਤੈਨਿਬਹੈਹੋ॥ਗੁਜਤਿਸਿੰਘਪੜਕਾਰਕੇਲਭੁਜਾਨਕਭੀਲਲਖੇਕੁਮਮੈਹੋ॥
ਸੂਕਤਸਾਪਬਕਾਰਤਿਬਾਘਭੁਕਾਤਿਭੂਤਮਹਾਦੁਖਪੈਹੋ॥ਤੂਸੁਕਮਾਰਰਚੀਕਰਤਾ
ਰਬਿਚਾਰਚਲੈਤੁਹਿਕਿਯੋਬਨਿਐਹੋ॥੨੪੮॥ਸੀਤਾਬਾਚਾ॥ਰਾਮਸੋ॥ਮਨੋਹਰਛੰਦ॥
ਸੂਲਸਹਉਤਨਸੂਕਰਹਉਪ੍ਰਿਅਸੀਨਕਹਉਸਿਰਸੂਲਸਹਉਗੀ॥ਬਾਘਬਕਾਰ
ਫਨੀਨਫੁਕਾਰਸੁਸੀਸਾਗਿਰੋਪ੍ਰਿਅਸੀਨਕਹੋਉਗੀ॥ਬਾਸਕਹਾਂਬਨਬਾਸਭਲੋਨਹੀ

Digitized by Panjab Digital Library | www.panjabdigilib.org

ਸਤਜੋਪੀਅਪਾਇਗਹੋਰਗੀ।।ਹਾਸਕਹਾਂਇਹਉਦਾਸਸੀਗ੍ਰਿਹਆਸਰਹਉਪ੍ਰਮੈਨਾ
ਹਉਰਗੀ।।੨੪੯।। ਰਾਮਬਾਚਸੀਤਾਪ੍ਰਤਿ।। ਰਾਮਕਹੋਤੁਹਿਬਾਸਕਰੋਗ੍ਰਿਹਸਾਸਕੀਸੇਵ
ਤੁਲੀਬਿਧਿਕੀਜੋ।।ਕਾਲਹੀਬਾਸਬਨੈਮ੍ਰਿਗਲੋਚਨਰਾਜਕਰੋਤੁਮਸੌਸੁਨਿਲੀਜੈ।।
ਜਉਨਲਗੈਜੀਅਅਉਧਸੁਕ੍ਰਾਨਜਾਹਿਪਿਤਾਗ੍ਰਿਹਸਾਚਤੁਨੀਜੋ।।ਤਾਤਕੀਬਾਤ
ਗਣੀਜੀਆਜਾਤਿਸਿਧਾਤਬਨੈਮੁਹਿਆਇਸਦੀਜੈ।।੨੫੦।।ਲਛਮਨਬਾਚ।।ਬਾਤ
ਇਤੈਇਹਭਾਂਤਿਭਈਸੁਨਿਆਇਗੈਭ੍ਰਾਤਸਰਾਸਨਲੀਨੋ।।ਕਉਨਬਪੂਤਭਯੋਕੁਲ
ਮੈਜਿਨਰਾਮਹਿਬਾਸਬਨੈਕਹੁਦੀਨੋ।।ਕਾਮਕੇਬਾਨਬਧਿਓਬਸਿਕਾਮਨਕੂਰਕ
ਚਾਲਮਹਾਮਤਿਲੀਨੋ।।ਰਾਤਕ੍ਰਬਾਂਤਕੋਹਾਬਿਬਿਕੋਜੋਕਪਨਾਰਤਿਨਾਬਹਿਗੀਜਿਮ
ਚੀਨੋ।।੨੫੧।।ਕਾਮਕੇਡੰਡਲੀਏਕਰਕੇਕਵੀਬਾਨਰਿਜਿਉਨ੍ਰਿਪਨਾਚਨਚਾਵੈ।।ਐਠਨ
ਐਠਅਮੈਠਲੀਏਢਿਗਏਠਸੁਆਜਾਸਪਾਠਪੜਾਵੈ।।ਸਉਤਨਸੀਸਹੁਐਈਸੋਕੋ
ਈਸਪ੍ਰਿਥੀਸਾਜਿਉਚਰਾਮਕੇਦਅਰਲਾਵੈ।।ਕੂਰਕੁਜਾਤਕੁਪੱਖਦੁਰਾਨਲੋਗਗਾਯੋਪ
ਰਲੋਗਗਾਵੈ।।੨੫੨।।ਲੋਗਕੁਟੇਵਲਗੋਉਨਕੀਪ੍ਰਭੁਪਾਵਤਜੇਮੁਹਿਕਿਯੋਬਨਐਹੈ।।
ਜਉਹਠਬੈਠਿਰਹੋਪਾਰਿਐਜਸਕਿਯੋਚਲਿਹੈਰਘੁਬੀਸਲਜੈਹੈ।।ਕਾਲਹੀਕਾਲਉ
ਚਾਰਤਿਕਾਲਗਯੋਇਹਿਕਾਲਸਭੈਛਲਜੈਹੈ।।ਧਾਮਰਹੋਨਹੀਸਾਚਿਕਹੋਇਤਮਾਤ
ਗਈਫਿਰਿਹਾਥਨਐਹੈ।।੨੫੩।।ਚਾਪਧਰੇਕਰਚਾਰਕਤੀਰਤੁਨੀਰਕਸੇਦੋਊਬੀਰ
ਸੁਹਾਏ।।ਆਦਪੁਰਜਰੀਯਾਜਿਹਸੋਭਤਿਤੇਹਨਬਿਦਾਂਤਿਹਤੀਗਸਿਧਾਏ।।ਪਾਇਪਰੇਤੁ
ਰਨੈਨਰਹੇਭੁਰਮਾਤਭਲੀਬਿਧਿਕੰਠਲਗਾਏ।।ਬੋਲੇਤੇਪੂਤਨਆਵਤਿਧਾਮਬੁਲਾਇਲੇ
ਉਆਪਨਤੇਕਿਮੁਆਏ।।੨੫੪।।ਰਾਮਬਾਚਮਾਤਾਪ੍ਰਤਿ।।ਤਾਤਦਯੋਬਨਬਾਸਹਮੈਤੁਮ
ਦੇਹਰਜਾਇਅਬੈਤਹਜਾਊ।।ਕੰਟਕਕਸਨਬੇਹੜਿਗਾਹਿਤ੍ਰਿਯੋਦਸਬਰਖਬਿਤੇਫਿ
ਆਊ।।ਜੀਤਰਹੇਤੁਮਿਲੋਫਿਰਮਾਤਮਰੇਤੁਗਏਭੂਲਿਪਰੀਬਖਸਾਊ।।ਭੂਪਹਕੈਮ
ਰਨੀਬਰਤੈਬਸਕੈਬਨਮੋਫਿਰਰਾਜੁਕਮਾਊ।।੨੫੫।।ਮਾਤਾਬਾਚ ਰਾਮਸੋਮਨੋਹਰਛੰਦ।।

Digitized by Panjab Digital Library | www.panjabdigilib.org

ਮਾਤਸੁਨੀਇਹਬਾਤਜਬੈਤਬਘੋਰਵ੍ਰਿਤੀਹੀਸੁਤਕੇਉਰਲਾਗੀ॥ਹਾਰਘੁਬੀਰਸਿਰੋਮਣਰਾਮ
ਚਲੇਬਨਕੋਮੁਹਿਕਉਤਕਾਤਿਆਗੀ॥ਨੀਰਬਿਨਾਜਿਮਮੀਨਦਸਾਤਿਮਭੂਖਪਿਆਸ
ਗਈਸਭਭਾਗੀ॥ਨੂਮਨੂਰਾਕਨ੍ਰਗੀਨੂਰਬਾਲਾਬਿਸਾਲਦਵਾਉਨਕੀਉਰਲਾਗੀ॥੨੫੬॥
ਜੀਵਤਪੂਤਤਵਾਨਨਪੇਖਸੀਆਤੁਮਰੀਦੂਤਦੇਖਅਘਾਤੀ॥ਚੀਨਸੁਮਿਤ੍ਰਜਕੀਛਬ
ਕੋਸਬਸੋਕਬਿਸਾਰਹੀਇਹਰਖਾਤੀ॥ਕੇਕਈਆਦਿਕਸਉਤਨਕਉਲਖਭੂਉਹਰਤ੍ਰਾਇ
ਸਦਾਗਰਬਾਤੀ॥ਤਾਕਹੁਤਾਤਅਨਾਥਜਿਉਆਜਚਲੇਬਨਕੋਤਜਿਕੈਬਿਲਲਾਤੀ॥
੨੫੭॥ਹੋਰਰਹੇਜਨਕਓਰਕਈਇਆਨਿਜੋਰਰਹੇਕਰਏਕਨਮਾਨੀ॥ਲਛਮਨਮਾਤਕੇਧਾ
ਮਬਿਦਾਕਹੁਜਾਤਭਏਜੀਜਸੌਇਹਠਾਨੀ॥ਸੋਸੁਨਿਬਾਤਪਪਾਤਧਰਾਪਰਘਾਤਭਲੀਇ
ਹਬਾਤਬਖਾਨੀ॥ਜਾਨਕਮੇਲਸੁਮਾਰਨਗੇਹਿਤਸੋਵਤਸੂਰਬਡੋਅਭਿਮਾਨੀ॥੨੫੮॥
ਕਉਨਕੁਜਾਤਕੁਕਾਜਕੀਯੋਜਿਨਰਾਘਵਕਉਇਹਤਾਤਬਖਾਨਿਯੋ॥ਲੋਕਅਲੋਕ
ਗਵਾਇਦਇਓਨਿਭੂਪਸੁਪਿਆਰਮਹਾਂਸੁਖਮਾਨਿਯੋ॥ਭੂਮਅਗਾਧਜੋਕ੍ਰਮਕਾਰਿਯੋਧਾਰ
ਧਰਮਕੋਤਿਯਾਗਅਧਰਮਪ੍ਰਮਾਨਿਯੋ॥ਨਾਕਕਟੀਨਿਰਲਾਜਨਿਸਾਚਰਨਾਹਨਿਪਾ
ਤਤਨੇਹੁਨਮਾਨਿਯੋ॥੨੫੯॥ ਸੁਮਿਤ੍ਰਬਾਚਲਛਮਨਸੋ॥ ਦਾਸਕੋਭਾਵਧਰੇਰਹੀਯੋਸੁ
ਤਆਤਸਰੂਪਸੀਆਪਹਿਚਾਨੋ॥ਤਾਤਕੀਤੁਲਿਸੀਆਪਤਿਕਉਕਰਿਕੈਇਹਬਾਤ
ਸਹੀਕਰਮਾਨੋ॥ਜੇਤਕਕਾਨਨਕੇਦੁਖਹੈਸਭਸੇਸੁਖਕੈਤਨਪੈਅਨਮਾਨੋ॥ਰਾਮਕੋਪਾ
ਇਗਿਹੇਰਹੀਜੋਬਨਕੈਘਰਕੋਘਰਕੈਬਨਜਾਨੋ॥੨੬੦॥ਰਾਜੀਵਲੋਚਨਰਾਮਕੁਮਾਰ
ਚਲੇਬਨਕੋਸੰਗਭ੍ਰਾਤਸੁਹਾਯੋ॥ਦੇਵਅਦੇਵਨਛਤ੍ਰਸਚੀਪਤਿਚਉਕਚਕੇਮਨਮੋਦ
ਬਢਾਇਓ॥ਆਨਿਨਿਬਿਬਧਰਿਯੋਬਸੁਧਾਪਰਿਫੇਰਲਿਕਹਿਓਫਿਰਿਹਾਥਬਨਾ
ਯੋ॥ਬੀਚਅਕਾਸਨਿਵਾਸਕੀਯੋਤਿਨਤਾਹੀਤੇਨਾਮਮਜੰਕਕਹਾਯੋ॥੨੬੧॥ ਦੋਹਰਾ॥
ਪਿਤਆਗਿਆਤੇਬਨਚਲੇਤਜਗ੍ਰਿਹਰਾਮਕੁਮਾਰ॥ਸਿਰਾਸੀਆਮ੍ਰਿਗਲੋਚਨੀਜਾਕੀ
ਪ੍ਰਭਾਅਪਾਰ॥੨੬੨॥ਅਥਬਨਬਾਸਕਥਨੰ॥ਸੀਤਬਾਚ॥ਬਿਜੈਛੰਦ॥ਚੰਦਕੀਅਸਿ

ਓੜ

ਚਕੋਰਨਿਕੈਕਰਮੋਰਨਾਥਿਦੂਲਤਾਅਲਆਨੀ।ਅੰਤਰਿਗਏਇੰਦ੍ਰਨਾਏਂਦ੍ਰਬਧੂਭੂਨਸਾਰਛਨਾ
ਰਵਿਕੀਜੀਅਜਨੀ।ਦੇਵਨਦੋਖਨਕੀਹਰਤਾਅਰਦੇਵਨਕਾਲਕਿਰਿਆਕਰਮਾਨੀ।
ਦੇਸਨਿਸਿਧਾਦਿਸੇਸਨਾਥਿਪਜੋਗੇਸਨਗਿਗਕੈਰਿਗਪਛਾਨੀ।੨੬੩।ਦੋਹਰਾ।ਉਤਰਿਪ੍ਰਭੁ
ਬਰਬਨਕੋਚਲੇਸੀਆਸਹਿਤਤਜਿਗ੍ਰੇਹ।ਇਤੈਦਸਾਇਗਥਿਪਿਭਰੀਸਕਲਸਾ
ਧਸੁਨਿਲੇਹੁ।੨੬੪।।ਇਤਿਸ੍ਰੀਰਾਮਬਨਬਾਸਦੀਬੋ ਸਮਾਪਤਿਮਸਤੁਸੁਭਿਮਸਤੁ।ਤ੍ਰਾਮਾ
ਤਾਬਾਚਾ।ਕਬਿਤ੍ਹਾ।ਸਬੈਸੁਖਲੈਕੈਗਏਗਾਨ੍ਹੇਦੂਖਦੈਤਭਏਰਾਜਾਦਸਰਥਜੂਕੋਕੈਕੇ
ਆਜਪਤਹੋ।ਆਜਹੂੰਨਛੀਜੈਬਾਤਮਾਨਲੀਜੈਰਾਜਕੀਜੈਕਹੋਕਾਜੀਕਉਜਕੋਹ
ਮਾਰੇਸੋਨਿਨਾਤਿਹੋ।ਰਜੁਸੀਕੋਧਾਰੋਸਜਸਾਧਨਕੈਕੀਜੈਕਾਜਕਹੋਰਘੁਰਾਜਆ
ਜਕਾਹੇਕਉਸਿਧਾਤਹੋ।ਤਾਪਸੀਕੈਭੇਸਕੀਨੇਜਨਕੀਕੈਸੰਗਲੀਨੇਮੇਰੇਬੁਨਥ
ਸੀਮੋਹਉਦਾਸੀਦੀਏਜਾਤਹੋ।੨੬੫।ਕਾਰੇਕਾਰੇਕਰਬੈਸਰਾਜਾਜੂਕੋਛੋਰਦੈਸਤ
ਪਸੀਕੋਕੈਕੈਭੇਸਸਾਥਹੀਸਿਧਾਰਿਹੋ।ਕੁਲਹੂਕੀਕਾਨਛੋਰੋਰਾਜਸੀਕੋਸਾਜਤੋਰੋ
ਸੀਗਤੇਨਮੇਰੋਮੁਖਾਐਸੋਕੋਬਿਚਾਰਿਹੋ।ਅਦ੍ਰਕਨਧਾਰੇਸਾਰੇਮੁਖਪੇਨਬਿਭੂਤਤੋਰਹ
ਠਿਕੈਨਹਾਰੇਪੂਤਰਾਜਸਾਜਜਾਰਿਹੋ।ਜੁਗੀਆਕੋਕੀਨੋਭੇਸਕੋਸਲਕੇਛੋਰਦੇ
ਸਰਾਜਾਰਮਛਿਦ੍ਰਅੂਕੈਸਿਗਹੀਸਿਧਾਰਿਹੋ।੨੬੬।ਅਪੂਰਬਛੰਦ।ਕਾਨਨੈਗਏਰਾਮਾਧਾਮ
ਕਰਮਧਾਮਾਲਛੁਮਨੈਲੇਸੀਤਾਜਾਨਕੀਸੁਭਿਗਿ।੨੬੭।ਤਤਛਿਆਗੇਪਨਾਉਤਰੇਬਿ
ਫੋਆਨਾਬਿਧਰੇਬਿਚਾਗ।ਮੰਤ੍ਰੀਧਿਆਪਾਰ।੨੬੮।ਬੈਠਿਓਬਸਿਸਟ।ਸੁਬਾਬਿਪਏ
ਸਤਿ।ਮੁਕਲਿਓਕਾਗੌਦਾ।ਪੱਠਏਆਗੌਦਾ।੨੬੯।ਸਿਕਤ੍ਰੇਸਾਵਿਤਾ।ਮਤਏਮਾਤੇ
ਮੁਕਲੇਕੇਦੂਤਾ।ਧਉਨਕੇਸਪੂਤਾ।੨੭੦।।ਅਸਟਨਾਦਿਨਜੀਲਾਖਾ।ਦੂਤਗੇਚਰਬਾ
ਖਾਭੁਰਥਆਗੇਜਹਾਂ।ਜਾਤਭੇਤੇਤਹਾਂ।੨੭੧।।ਉਚਰੇਸਿਦੇਸਾ।ਉਰਧਾਗੇ
ਅਉਧੇਸਾ।ਪੱਤ੍ਰਬਾਂਚੇਭਲੋ।ਲਾਗਸੀਗੇਚਲੋ।੨੭੨।ਕੋਪਜੀਓਜਾਗਿਓ।
।ਧਰਮਭੁਰਮੰ ਭਗਿਓਕਸਮੀਰ ਤਜਿਓਰਾਮਰਾਮਭਜਿਓ।੨੭੩।।

ਪੁਜਏਅਵਧਾਸੁਰਗਮਾਸਨੰਧਾ॥ਹੇਰਿਓਅਵਧੇਸਾ॥ਮਿਤਕੇਕੇਭੇਸਾ॥੨॥੭੪॥ ਬ੍ਰਿਖਬਾਭਕੇਕ
ਈਜੋ॥ ਲਖਿਓਕੇਕੁਸੁਤਾ॥ਬੋਲਿਓਜਪੁਤਾ॥ਪ੍ਰਿਗਮਈਆਤੋਹਿ॥ਲੰਜਲਾਈਜਾਓਹਿ
॥੨॥੭੫॥ਕਾਕਰਿਓਕੁਕਾਜਾ॥ਕਿਓਜੀਐਨਿਲਾਜਾ॥ਓਹਿਜੈਬੈਤਹੀ॥ਰਾਮੈਹੈਰੋਜ
ਹੀ॥੨॥੭੬॥ ਕੁਸਮਬਿਚਿਤ੍ਰਛੰਦ॥ ਤਿਨਬਨਬਾਸੀਰਘੁਬਰਜਾਨੈ॥ਦੁਖਸੁਖਸਮਕਰਿਸੁਖਦੁ
ਖਮਾਨੈ॥ਬਲਕਲਧਰਕਰਅਬਬਨਜੈਹੈ॥ਰਘੁਪਤਸੰਗਹਮਬਨਫਲਖੈਹੈ॥੨॥੭੭
॥ਇਮਕਹਿਬਚਨਾਘਰਬਰਛੋਰੇ॥ਬਲਕਲਧਰਕਨਭੂਖਨਤੋਰੇ॥ਅਵਧਿਸ
ਜਾਰੇਅਵਧਹਿਛਾਡਿਓ॥ਰਘੁਪਤਪਗਤਰਕਰਘਰਮਾਡਿਓ॥੨॥੭੮॥ਜਲ
ਥਜਲਥਲਕਹੰਤਜਕੁਲਧਾਏ॥ਮਨਿਮਨਿਜਾਗਿਲੋਤਿਹੰਠਾਆਏ॥ਜਲਥਲ
ਰਾਮੰਖਲਦਲਭੀਰੈ॥ਗਹਧਨਪਾਣੀਜਿਤਧਰਤੀਰੈ॥੨॥੭੯॥ਗਹਿਧਨਰਾਮੰ
ਜਰਬਰਤੂਰੀ॥ਅਰਬਰਬਹਠੇਖਲਦਲਸੂਰੀ॥ਨਰਬਰਹਰਖੇਘਰਘਰਆਰਿ
ਅਮਰਰਧਰਕੇਲਹਕਰਸਮਰਿ॥੨॥੮੦॥ਤਬਚਿਤਅਪਨੇਭਰਥਰਜਾਨੀ॥ਰਨ
ਰੰਗਰਾਤੇਰਘੁਬਰਮਾਨੀ॥ਦਲਬਲਤਾਜਿਕਰਿਇਕਲੇਨਿਸਰੇ॥ਰਘੁਬਰਨਿ
ਰਖੇਜਬਦੁਖਬਿਸਰੇ॥੨॥੮੧॥ਦੂਗਜਬਨਿਖੇਭਟਮਣਰਾਮੰ॥ਸਿਰਧਰਟੇਕਿ
ਓਤਾਜਿਕਰਿਕਾਮੰ॥ਇਮਗਤਿਲਖਿਕਰਿਰਘੁਪਤਿਜਾਨੀ॥ਭਰਥਰਆਏਤ
ਜਰਜਧਾਨੀ॥੨॥੮੨॥ਰਿਪਹਾਨਿਰਖੇਭਰਥਜਾਨੇ॥ਅਵਧਿਸਮੂਏਤਨਮ
ਨਮਾਨੇ॥ਰਘੁਬਰਲਛਮਨਪਰਹਰਿਬਾਨੰ॥ਗਿਰਤਰਆਏਤਜਿਅਭਿਮਾਨੰ
॥੨॥੮੩॥ਦਲਬਲਤਜਕਰਿਮਿਲਿਗਲਿਰੋਏ॥ਦੁਖਕੇਜਾਬਿਧਿਦੀਆਸੁਖ
ਜਬਖੋਏ॥ਅਬਘਰਚਲੀਏਰਘੁਬਰਮੇਰੇ॥ਤਜਿਹਠਿਲਾਗੇਸਭਪਗਤੇਰੇ॥
੨॥੮੪॥ ਰਾਮਬਾਚਾ॥ਭਰਥਸੋ॥ਕੰਠਅਭੂਖਣਛੰਦ॥ ਭਰਥਕੁਮਾਰਨਅਊਹਠਕੀਜੈ॥
ਜਾਹੁਘਰੇਨਹਮੈਦੁਖਦੀਜੈ॥ਰਾਜਕਹਿਓਜੁਹਮੈਮਨਮਾਨੀ॥ਤ੍ਰਿਓਦਸਬਰਖ
ਬਸੈਬਨਧਾਨੀ॥੨॥੮੫॥ਤ੍ਰਿਓਦਸਬਰਖਬਿਤੈਫਿਰਿਐਹੈ॥ਰਾਜਸਿਘਾਸ

Digitized by Panjab Digital Library | www.panjabdigilib.org

ਨਛਤ੍ਰਸੁਹੈਹੈ॥ਜਾਹੁਪਧਾਰੋਸਿਖਿਆਨਹਮਾਰੀ॥ਰੋਵਤਤੋਰਉਤੈਮਹਤਾਰੀ॥੨॥੮੬॥ਭਰਥ
ਬਾਚ॥ਰਾਮਪ੍ਰਤਿ॥ਕੰਠਅਭੂਖਨਛੰਦ॥ਜਾਹੁਕਹਾਪਗਤੇਟਕਹਉਤੁਹਾਲਾਜਨਲਾਗ
ਤਰਾਮਕਹੋਮੁਹਿਐਐਆਤਿਦੀਨਮਲੀਨਾਬਿਨਾਗਤਾ॥ਰਾਖਲੈਰਾਜਬਿਖੈਚਰਣ
ਅਤਾ॥੨॥੮੭॥ਚਛ੍ਹਾਬਿਹੀਨਸੁਪਛਾਜਿਮੈਕਰਆਤਿਭੂਪਭਤੀਰਗਿਰਿਯੋਪਗਭਰ
ਥਰਾ॥ਅੰਕਰਹੇਗਹਿਰਾਮਾਤਿਜੈਤਬਾਰੋਇਮਿਲੇਛਨਾਂਦਭਯਾਸਬਾ॥੨॥੮੮॥ਪਾਨ
ਪੀਆਇਜਗਾਇਸੁਬੀਰਹਾ॥ਫੇਰਿਕਹਯੋਹਸਿਸ੍ਰੀਰਘੁਬੀਰਹਾ॥ਤ੍ਰਿਯੋਦਸਬਰ
ਖਗਏਫਿਰਿਐਹੈ॥ਜਾਹੁਹਮੈਕਛੁਕਾਜਕਿਵੈਹੈ॥੨॥੮੯॥ਚੀਨਗਏਚਤੁਰਾਚਿ
ਤਮੋਸਬਾ॥ਸ੍ਰੀਰਘੁਬੀਰਕਹੀਹਸਕੈਜਬਾ॥ਮਾਤਜਮੋਧਸੁਪਾਵਰਲੀਨੀ॥ਔਰਬ
ਸੇਪੁਰਅਉਧਨਚੀਨੀ॥੨॥੯੦॥ਸੀਸਜਟਾਨਕੋਜੂਟਧਰੇਬਰ॥ਰਾਜਸਮਾਜਦੀ
ਯੋਪਭੂਵਾਪਰ॥ਰਾਜਕਰੈਦਿਨਹੋਤਉਜਿਆਰੈ॥ਰਨਿਭਏਰਘੁਰਾਜਸਿਭਾਰੋ॥੨
॥੯੧॥ਜਜਰਭਯੋਜੁਰਸਿਨਰਾਜਿਉਤਨਾ॥ਰਾਖਤਸ੍ਰੀਰਘੁਰਾਜਬਿਖੈਮਨਾ॥ਬੇਰ
ਨੇਕਰਨਾਬਿੰਦਨਿਕੰਦਤਾ॥ਭਾਸਤਕੰਠਅਭੂਖਨਛੰਦਤਾ॥੨॥੯੨॥ਝੂਲਨਾਛੰਦ॥ਇਤੇ
ਰਾਮਰਾਜੰ॥ਕਰੈਦੇਵਕਾਜੰ॥ਧਰੇਬਾਨਪਾਨੰ॥ਭਰੈਬੀਰਮਾਨੰ॥੨॥੯੩॥ਜਹਾਸਾਲ
ਭਾਰੇ॥ਦ੍ਰੁਮੰਤਾਲਨਿਆਰੇ॥ਛੁਏਸੁਰਗਲੋਕੰ॥ਹਰੈਜਾਤਸੋਕੰ॥੨॥੯੪॥ਤਹਾ
ਰਾਮਪੈਠੈ॥ਮਹਾਬੀਰਐਠੇ॥ਲਏਸੰਗਸੀਤਾ॥ਮਹਾਸੁਭ੍ਰਗੀਤਾ॥੨॥੯੫॥ਬਿਧੰਬਾਕ
ਬੈਨੀ॥ਮ੍ਰਿਗੀਰਾਜਨੈਨੀ॥ਕਟੰਛੀਨਦੇਸੀ॥ਪਰੀਪਦਮਨੀਸੀ॥੨॥੯੬॥ਝੂਲਾਨ
ਛੰਦ॥ਚੜੇਪਾਨਬਾਨੀਧਰੇਸਾਨਮਾਨੇ॥ਚਛਾਬਾਨਸੋਹੈਦੋਊਰਾਮਰਾਨੀ॥ਫਿਰੈਖਿਆ
ਲਜੋਏਕਹਵਾਲਸੇਤੀਛੁਟੇਇੰਦ੍ਰਜੇਤੀਮਨੋਇੰਦ੍ਰਧਾਨੀ॥ਮਨੋਨਾਗਬਾਕੇਲਜੀ
ਆਬਫਾਕੇਰੰਗੇਰੰਗਸਹਾਬਸੋਰਾਮਬਾਰੇ॥ਮ੍ਰਿਗਾਦੇਖਮੋਹੇਲਖੇਮੀਨਰੋਹੇਜਿਨੈ
ਨੈਕਚੀਨੇਤਿਨੇਪ੍ਰਾਨਵਾਰੇ॥੨॥੯੭॥ਸੁਨੇਕੂਕਕੇਕੋਕਲਾਕੋਪਕੀਨੇਮੁਖੰ[illegible]॥
ਦੇਖਕੈਚੰਦਦਾਰੇਰਖਾਈ॥ਲਖੇਨੈਨਬਾਕੇਮਨੇਮੀਨਜੋਹੈਲਖੇਜਾਤਕੇਸੂਰਕੀ

Digitized by Panjab Digital Library | www.panjabdigilib.org

ਜੋਤਿਛਾਈਆਅਨੇਫੂਲਫੂਲੇਲਲਗੇਨੈਨਨੂੰਲੇਲਖੇਲੋਗਭੂਲੇਬਨੇਜੋਰਐਸੋਆਲਖੇ
ਨੈਨਬਾਰੇਬਿਧੇਰਾਅਪ੍ਰਿਆਰੇਰੰਗੇਰੰਗਜਾਰਾਬਸਾਹਾਬਜੈਜੇ॥੨॥੯ਚਾਰਿਗੇਰਿ
ਗਰਾਤੇਅਫੀਮਦਆਤੇਮਕਤ੍ਰਾਲਿਗੁਲਾਬਕੋਫੂਲਸੋਹੈ॥ਨਰਗਸਨੇਵੇਖਕੈਨ
ਕਐਠਾਮਿਗੀਰਾਜਕੇਦੇਖਤੇਮਾਨਸੋਹੈ॥ਸਭੋਰੋਜਸਾਰਾਬਨੇਜੋਰਲਾਇਆ
ਪ੍ਰਜਾਆਅਸਜਹਾਨਕੇਪੇਖਵਾਰੇ॥ਭੁਵਾਤਾਨਕਮਾਨਕੀਭ੍ਰਾਤਪ੍ਰਿਆਰੀਨਿ
ਕਮਾਨਹੀਨੈਨਕੇਬਾਨਮਾਰੇ॥੨੯੮॥ **ਕਬਿਤੁ॥** ਊਂਚੇਦ੍ਰਮਸਾਲਜਹਾਂਲਾਬੇਬ
ਦਤਾਲੇਤਹਾਂਐਸੀਠਉਰਤਪਕਉਪਧਾਰੇਐਸੋਕਉਨਹੈ॥ਜਾਕੀਛਬਦੇਖਦ੍ਰ
ਤਖਾਰੁਵਕੀਢੀਕੀਲਾਗੈਆਭ੍ਰਾਤਾਕੀਨੇਦਨਾਬਿਲੋਕਭੁਜੈਜੋਨਹੈ॥ਤਾਰਨਕੀ
ਕਹਾਨੇਕਨਭੁਨਨਿਹਾਰਿਓਜਾਇਸੂਰਜਕੀਜੋਤਿਤਹਾਂਚੇਦ੍ਰਕੀਨਜਉਨਹੈ॥
ਦੇਵਨਨਿਹਾਰਿਓਕੋਊਦੈਤਨਾਬਿਹਾਰਿਓਤਹਾਂਪੰਛੀਕੀਨਗਿਮਜਹਾਂਚੀਟੀਕੋ
ਨਗਉਨਹੈ॥੩੦੦॥ **ਅਪੂਰਬਛੰਦ॥** ਲਖੀਏਅਲਖਾ॥ਤਕੀਏਸੁਭਛਾ॥ਧਾਂਏਓਬਿ
ਰਾਧਾ॥ਬਿਕਾਣ੍ਰਿਓਬਿਬਾਦਾ॥੩੦॥੧॥ਲਖੀਐਅਵਧਾ॥ਸਿਬਹਿਓਸਨੰਧਾਸਿ
ਮਲੇਹਾਥਿਯਾਰਾ॥ਉਰਝੇਲੁਨਾਰਾ॥੩੦॥੨॥ਚਰਿਕਣੀਚਾਵਿਦ੍ਰਾ॥ਸਮੂਹੇਸਾਵਿਤ
ਸੱਜੀਏਸੁਬਾਹਾ॥ਅਛਰੋਛਾਹਾ॥੩੦॥੩॥ਪਖਰੇਪਾਵਿਰਾ॥ਸੋਹਲੇਮਾਤੰਗਾ॥ਰ
ਵਰੀਚੇਕਾਰਾ॥ਉਲਝੇਲੁਨਾਰਾ॥੩੦੪॥ਸਿਧੁਰੇਸੰਧੂਰਾ॥ਬਜੀਏਤੇਦੂਰਾ॥ਸਜੀਏ
ਸੁਬਾਹਾ॥ਅਛਰੋਉਛਾਹਾ॥੩੦੫॥ਬਿਜੜੇਉਜਾੜਾ॥ਸੀਅਲੋਜੁਮਾਰੋ॥ਹਾਹਲੇਹ
ਕਾਰਾ॥ਅੰਕਤ੍ਰੇਅਗਿਆਰਾ॥੩੦॥੬॥ਜਿਮਲੋਲੁਜਾਰਾ॥ਛੁਟਕੋਬਿਜਿਯਾਰਾ॥ਹਾਹ
ਲੇਹਿਬੀਰਾ॥ਜੈਧਰੇਸੁਬੀਰਾ॥੩੦॥੭॥ **ਅਨੂਪਨਿਰਾਜਛੰਦ॥** ਗਜੇਗੰਜੇਹਯੰਹਲੇ
ਹੁਲਾਹਲੋਹਲਿ॥ਬਬੰਜਸਿਧੁਰੇਸੁਰੰਛੁਟੰਤਬਾਣਕੇਵਲੀ॥ਪੰਪਕਪਖਰੇਤੁਰੇ
ਭੰਤਖ੍ਰਧਾਏਨਿਰਮਲੀ॥ਪਲੁਭਲੁਥਾਬਿਬੁਰੀਆਸੰਬਜਬਊਬਲੀ॥੩੦॥੮॥
ਅਜੁਬਲੁਥਾਬਿਬੁਰੀਸਿਲਤਹਥਖਖਕੀ॥ਅਧਧਾਸਧਾਏਧੁਮਏਬਬੰਕਥੀ

ਰਦੂਧਰੰ॥ਕਿਲੰਕਰੰਤਪਖਰੀ॥ਪ੍ਰਪਤੰਜੋਣਪ੍ਰਾਣਯੋ॥ਹਹਕਭੈਰਵੰਸੁਤੰਉਠੰਤਜੁਧ
ਜ੍ਵਾਲਯੋ॥੩॥੯॥ਘਿਰੰਤਘਿਕਰੀਘਿਰੰਰੜੰਤਗਿਧਬੈਣਯੋ॥ਡਹੰਕਡਾਅਰੀਉਠੰਬਕ
ਰਬੀਰਬੈਤਲਯੋ॥ਖਹੰਤਖਗਖੜੀਯੋਖਿਅੰਤਧਾਰਉਜਲਯੋ॥ਘਣੰਕਜਾਣਸਾਵਣੰਲ
ਸੰਤਬੇਗਬਿਜਲਯੋ॥੩॥੧੦॥ਪ੍ਰਪਤੰਤਜੋਣਖਪਰੀਭਖੰਤਮਾਸਚਾਵਡੰ॥ਹਕਾਰਵੀਰਸੰ
ਭਿੜੰਲੁਸਾਰਧਾਰਜੁਧਰੰ॥ਪ੍ਰਕਾਰਮਾਰਕੈਪਰੇਜਹੰਤਅੰਗਭਾਰਯੋ॥ਬਿਹਾਰਦੇਵ
ਮੰਡਲੀਕਟੰਤਖਗਧਾਰਯੋ॥੩॥੧੧॥ਪਚਾਰਵਾਰਪੈਜਕੈਖੁਮਾਰਘਾਇਘੂਮਹੀ॥ਤ
ਪੀਸਨੋਅਧੋਮੁਖੰਸੁਧੂਮਆਗਧੂਮਹੀ॥ਤੁਟੰਤਅੰਗਭੰਗਯੰਬਹੰਤਅਸਤ੍ਰਧਾ
ਰਯੋ॥ਉਠੰਤਛਿਛਇਛਯੰਪ੍ਰਪਤੰਮਾਸਹਾਰਯੋ॥੩॥੧੨॥ਅਘੋਰਘਾਇਆਅ
ਘਾਇਕੈਪਰੇਸੁਪ੍ਰਾਸਨੰ॥ਪ੍ਰਮੰਤਜਾਣਗਾਵਲੰਲਗੇਸੁਸਿਧਆਸਣੰ॥ਪਰੰਤ
ਅੰਗਭੰਗਹ੍ਵੈਬਕੰਤਮਾਰਮਾਰਯੋ॥ਬਦੰਤਜਾਣਬੰਦੀਯੰਸੁਕ੍ਰਿਤੰਕਿਤਅਪਾ
ਰਯੋ॥੩॥੧੩॥ਬਜੰਤਤਾਲਤੰਬੁਰੰਬਿਸੇਖਬੀਨਬੇਣਯੋ॥ਮ੍ਰਿਦੰਗਝਾਲਨਾਫਿਰੰ
ਸਨਾਇਭੇਰਭੈਕਰੰ॥ਉਠੰਤਨਾਦਨਿਰਮਲੰਤੁਟੰਤਤਾਲਤਬਿਯੰ॥ਬਦੰਤਕ੍ਰਿ
ਤਬੰਦੀਅੰਕਬਿੰਦਕਬਿਕਬਿਯੰ॥੩॥੧੪॥ਫੁਲੰਤਢਾਲਮਾਲਯੰਖਹੰਤ
ਖਗਖੇਤਯੰ॥ਚਲੰਤਬਾਣਤੀਛਣੰਅਨੰਤਅੰਤਿਬੰਕਰਾਜਮਾਵਿਸਾਗਮੁੰਕ
ਛੋਸਟਕਸੂਲਸੇਲਯੰ॥ਰਲੰਤਰੁੰਡਮੁੰਡਯੰਅਲੰਤਜ੍ਵਾਲਅਨਲਯੋ॥੩॥੧੫॥ਬ
ਚਿਤ੍ਰਾਚਿਤ੍ਰਤੰਸਰੰਬਹੰਤਦਾਰਣੰ[illegible]ਰਣੰ॥ਢਲੰਤਢਾਲਅਢਲੰਢੁਲੰਤਚਾਰ
ਚਾਮਰੰ॥ਦਲੰਤਨਿਰਦਲੇਦਲੰਪਪਾਤਭੂਤਲੰਦਿਤੰ॥ਉਠੰਤਗਾਦਿਸਾਦਿਯੰਨ੍ਰਿ
ਨਦੰਨਦਦੁੰਭਰੰ॥੩॥੧੬॥ਭੁਰੰਤਪੜਚੌਉਜਟੀਕਿਲੰਕਖੇਚਰੀਕਰੰ॥ਫਿਰੰਤ
ਹੂਰਪੂਰਯੰਬਰੰਤਦੁਧਰੰਨਰੰ॥ਜਨਯਬਧਰੋਧਯੰਸੁਸੋਭਅੰਗੁਲਿਤ੍ਰਣੰ॥ਤਕੈ
ਤਡਾਕਣੀਭ੍ਰਮੰਭਖੰਤਆਮਿਖੰਰਣੰ॥੩॥੧੭॥ਕਿਲੰਕਦੇਵੀਯੰਕਰੰਡਹਕਡਾਮ
ਰੂਸਰੰ॥ਕੜੱਕਕਤੀਯੰਉਠੰਪਰੰਤਧੁਰਪਖਰੀ॥ਬਬੱਜਿਜਿੰਸਰੇਸੁਰੰਨ੍ਰਿਘਾਤਸੁਲ

Digitized by Panjab Digital Library | www.panjabdigilib.org

ਜੋਹਖੀਯੋ॥ਭਭਾਜਿਕਾਤਰੋਰਣੰਨਿਲੱਜਭੁੱਜਭੁੰਭਰੀ॥੩॥੧੮॥ਸੁਸਜਤ੍ਰਅਸਤ੍ਰਸੀ
ਨਿਧੰਸੁਲਿੰਤਜੋਧਣੰਜੁਧੰ॥ਅਰੁਣਪੰਕਿਲਜਣੰਕਰੰਤਤ੍ਰੋਹਕੋਵਲੀ॥ਪਰੰਤਅਗਿ
ਭੰਗਣੰਏਉਠੰਤਮਾਸਕਰਦਮੀ॥ਖਿਲੰਤਜਾਣਕਦਮੀਸੁਮੰਨਕਾਨਰੋਪਿਕੀ॥
੩॥੧੯॥ਡਹਕਡਉਰਡਾਕਣੰਚਲੰਤਲਾਲਰੋਸੁਰੀ॥ਨਿਨੰਦਨਾਦਿਨਾਫਿਰੰਬਜੰ
ਤਭੇਰਭੀਖਣੰ॥ਘੁਰੰਤਘੋਰਦੁੰਦਭੀਕਰੰਤਕਾਨਰੋਸੁਰੀ॥ਕਰਿੰਤਨਾਨਰੇਨਨੰਬ
ਜੰਤਬਾਸੁਰੀਬਰੀ॥੩॥੨੦॥ਨਚੰਤਬਾਜਤੀਛਣੰਚਲੰਤਚਾਚਰੀਗਤੀ॥ਲਿ
ਖੰਤਲੀਕਉਰਬੀਐਸੁਭੰਤਕੰਠਲੀਕਰੀ॥ਉਡੰਤਧੂਰਭੂਰਿਐਖੁਰੀਨਨਿੰਦਲੀ
ਨਭੀ॥ਪਰੰਤਭੂਰਭਉਰਣੰਸੁਭਉਰਠਉਰਾਜਿਉਜਲੀ॥੩॥੨੧॥ਭੁਜੰਤਧੀਰਬੀਰਣੰ
ਚਲੰਤਮਾਨਪ੍ਰਾਨਲੀ॥ਦਲੰਤਪੰਦਵੰਤੀਅਭਿਜੰਤਹਾਰਮਾਨਕੈ॥ਮਿਲੰਤਦਾਤੁਧ
ਸਲੈਰਰਛਜਦਉਚਰੀ॥ਬਿਰਾਧਦਾਨਵੰਜੁਜਿਯੋਸੁਹਾਬਿਰਾਮਾਨਿਰਮਲੀ॥੩॥੨੨॥
ਇਤਿਸ੍ਰੀਬਚਿਤ੍ਰਨਾਟਕੇਰਾਮਵਤਾਰ॥ਕਥਾਬਿਰਾਧਦਾਨਵਬਧਹ॥ਅਥ ਬਨਮੋ
ਪ੍ਰਵੇਸਕਥਨੰ॥ਦੋਹਰਾ॥ ਇਹਬਿਧਿਮਾਰਬਿਰਾਧਕਉਬਨਮੋਧਸੇਨਿਸੰਗਿ॥ਸੁਕਬਿ
ਸਿਯਾਮਇਹਬਿਧਿਕਹਿਯੋਰਘੁਬਰਜੁਧਪ੍ਰਸੰਗਿ॥੩॥੨੩॥ਸੁਖਦਾਛੰਦ॥ ਰਿਖਿਅ
ਗਸਤਧਾਮਾ॥ਗਏਰਾਜਰਾਮਾ॥ਭੁਜਧਰਮਧਾਮਾ॥ਸੀਆਸਹਿਤਬਾਮਾ॥੩॥੨੪॥
ਲਖਰਾਮਬੀਰਾ॥ਰਿਖਦੀਨਤੀਰਾ॥ਰਿਪਸਰਬਚੀਰਾ॥ਹਰਿਸਰਬਪੀਰਾ॥੩॥੨੫॥
ਰਿਖਬਿਦਾਕੀਨਾ॥ਆਸਿਖਦੀਨਾ॥ਦੁਤਰਾਮਚੀਨਾ॥ਸੁਨਮਨਪ੍ਰਬੀਨਾ॥੩॥੨੬॥
ਪ੍ਰਭਬ੍ਰਿਤਸੰਗਿ॥ਸੀਆਸੰਗਸੁਰੰਗਾ॥ਤਜਿਚਿੰਤਅੰਗਾ॥ਧਸਬਨਨਿਸੰਗਾ॥੩॥
੨੭॥ਧਨਪਾਨਬਾਨਾ॥ਕਟਿਕਸਿਕ੍ਰਿਪਾਨਾ॥ਭੁਜਬਰਅਜਾਨਾ॥ਚਲਤੀਰਥਨਾ
ਨਾ॥੩॥੨੮॥ਗੋਦਾਵਰੀਤੀਰਾ॥ਗਏਸਹਿਤਬੀਰਾ॥ਤਜਰਾਮਚੀਰਾ॥ਕੀਅਸੁ
ਚਸਰੀਰਾ॥੩॥੨੯॥ਲਖਰਾਮਰੂਪਾ॥ਅਤਭੁਤਅਨੂਪਾ॥ਜਹਹੁੰਤੀਸੁਪਾ॥ਤਹਗ
ਏਭੂਪਾ॥੩॥੩੦॥ਕਹੀਤਾਹਿਸਾਤਾ॥ਸੁਨਿਸੁਪਬਾਤਾ॥ਦੁਐਆਖਤਨਾਤਾ॥

ਸੋਹਿਆਅਨੂਪਪ੍ਰਭਾਤਾ॥੩੩੧॥ ਸੁੰਦਰੀਛੰਦ॥ ਸੂਪਨਖਾਇਹਭਾਂਤਿਸੁਨੀਜਬ॥ਧਾਇਚਲੀਅਬਿਲੋ
ਬਤਿਯਾਤ ਬਾਕਾਅਸਰੂਪਕਲੇਵਰਜਾਨੋ॥ਰੂਪਅਨੂਪਤਿਹੂੰਪੁਰਮਾਨੋ॥੩੩੨॥ਧਾਇਕਹਿ
ਓਰਘੁਰਾਇਭੁਏਤਿਹਾਂ॥ਜੈਸੇਨਿਰਲਾਖਹੋਨਕੋਊਕਿਹਾਂ॥ਹਉਅਟਕੀਤੁਮਰੀਛਬਕੇ
ਬਰਾਰੰਗਰਰੰਗੀਰੰਗਏਇਫਿਰਗਊਪਰਾ॥੩੩੩॥ ਰਾਮਬਾਚ ਸੁੰਦਰੀਛੰਦ॥ ਜਾਂਹਿਤਹਾਜਹ
ਭ੍ਰਾਤਹਮਾਰੋ॥ਵੈਰਿਐਹੈਲਖਨੈਨਤਿਹਾਰੋ॥ਜੰਗਜਸੀਆਅਵਲੋਕਕਿਸੋਦਰ॥ਐਸੇਜਬੇ
ਰਾਖਸਕੋਤੁਮਕਊਘਰ॥੩੩੪॥ਆਤਿਪ੍ਰਤਾਕਹਿਮੋਹਿਤਜਿਓਮਨਾ॥ਜੰਗਫਿਰੀਹਮ
ਰੋਬਨਹੀਬਨਾ॥ਤਾਹਿਤਜੋਕਾਸਿਕੈਸੁਨਿਸੁੰਦਰ॥ਜਾਹੁਤਹਾਜਹਭ੍ਰਾਤਫਿਸੋਦਰ॥੩੩੫
॥ਜਾਤਭਈਸੁਨਿਬੈਨਿਤ੍ਰਿਯਾਤਹਾਂ॥ਬੈਠਹੁਤੇਰਣਧੀਰਜਤੀਜਹਾਂ॥ਜੋਨਬਰੈਅਤਰੋਸਭਰੀ
ਤਬਾਨਾਕਕਟਾਇਗਈਗ੍ਰਹਕੋਸਬਾ॥੩੩੬॥ ਇਤਿਸ੍ਰੀਬਚਿਤ੍ਰਨਾਟਕੇ ਰਾਮਅਵਤਾਰਕਥਾ
ਸੂਪਨਖਾਕੋਨਾਕਕਾਟਬੋਧਿਆਇਸਮਾਪਤਮਸਤੁਸੁਭਮਸਤੁ॥੫॥ ਅਥਖਰਦੂ ਖਨਦ
ਈਤਜੁਧਕਥਨੰ॥ ਸੁੰਦਰੀਛੰਦ॥ ਰਾਵਨਤੀਰਰੁਰੋਂਭਈਜਬ॥ਰੋਸਭਰੇਦਨਬੀਸਬਲੀਸ
ਭ੍ਰਾਲੋਕਸਧੀਰਬਜੀਰਬੁਲਾਏ॥ਦੂਖਨਅਉਖਰਦਈਤਪਠਾਏ॥੩੩੭॥ਜਾਜਸਨ
ਭ੍ਰਾਲੋਕਸਧੀਰ... ਆਰਹੀਆਰਦਸੋਦਿਸਕੂਕੇ॥ਸ
ਹਸੁਬਾਹਦਰੰਗਤਾ॥ਬੱਜਤਬਾਜਚਲੇਗਜਰਾਜਤੰ॥ਗਾਜਤਹੈਰਣਬੀਰਮਹਾਮਨ॥ਤਜਤੋਨਹੀਤੂ
ਵਨਕੀਧਾਟਿਜਿਓਧੁਰਢੂਕੇ॥੩੩੮॥ਗਜਤਹੈਰਣਬੀਰਮਹਾਮਨਾ॥ਤਜਤੋਨਹੀਤੂ
ਵਨਕੀਘਾਟਿਜਿਓਧੁਰਢੂਕੇ॥੩੩੮॥ ... ਨਾਦਵਿਕਰੈਕਿਲਕਾਲਭਯੰਕਰ॥੩੩੯॥ ਤਾ
ਮਿਅਜੋਧਨਾਛਾਜਤਹੈਂਚਖਜੋਣਤਜੇਸਰ॥ਨਾਦਵਿਕਰੈਕਿਲਕਾਲਭਯੰਕਰ॥੩੩੯॥ ਤਾ
ਮਿਅਜੋਧਨਾਛਾਜਤਹੈਂਚਖਜੋਣਤਜੇਸਰਾ॥ ... ਨਚਾਹਿਗੋ॥ਸੁਬਿਰਧਾਅ
ਰਕਾਛੰਦ॥ ਰਨਰਾਜਕੁਮਾਰਬਿਰਚਾਹਿਗੋ॥ਸਰਸੇਲਸਰਾਸਨਨਚਾਹਿਗੋ॥ਸੁਬਿਰਧਾਅ
ਰਕਾਛੰਦ॥ ਰਨਰਾਜਕੁਮਾਰਬਿਰਚਾਹਿਗੋ॥ਸਰਸੇਲਸਰਾਸਨਨਚਾਹਿਗੋ॥ ... ਰਾਜੰਹਿਗੋ॥੩੪੦॥ਸਰਓਘਪ੍ਰਓਘਪ੍ਰਹਾਰੈਗੋ
ਵਾਧਿਸੁਗਾਜਹਿਗੋ॥ਰਣਰੰਗਗਾਹਿਰਾਮਬਿਰਾਜੰਹਿਗੋ॥੩੪੦॥ਸਰਓਘਪ੍ਰਓਘਪ੍ਰਹਾਰੈਗੋ
ਰਣਰੰਗਅਭੀਤਬਿਹਾਰੈਗੋ॥ਸਰਸੂਲਸਨਾਹਰਿਛਟਹਿਗੋ॥ਦਿਤਪੁਤ੍ਰਧਰਾਪਰਲੋਟਹਿਗੋ
॥੩੪੧॥ਸੁਰਸੰਕਅਸੰਕਤਬਾਹਹਿਗੋ॥ਬਿਨੁਭੀਤਭਯਾਦਲਦਾਹਹਿਗੋ॥ਛਿਤਲੋਥ
ਬਿਲੋਥਬਿਥਾਰਹਿਗੋ॥ਤਰਸਣੈਸੁਮਾਲਿਉਪਾਰਹਿਗੋ॥੩੪੨॥ਨਵਨਾਦਿਨਫੀਰ
ਨਬਾਜਤਭੇ॥ਗਲਗਾਜਿਹਠੀਰਣਰੰਗਫਿਰੇ॥ਲਗਬਾਨਸਨਾਹਦੁਸਾਰਕਢੇ॥

ਜੂਅਤਛਕਕੇਜਨਰੂਪਅਫੋ॥੩॥੪੩॥ਬਿਨੁਜੋਕਜਨਾਹਰਿਆਰਤਹੋ॥ਰਣਬੀਰਨਵੀਰਪ
ਚਾਰਤਹੋ॥ਸਰਜੂਧਾਜਿਲਾਸਿਤਛੋਰਤਹੋ॥ਜੀਅਰੋਸਹਲਾਹਲਘੋਰਤਹੋ॥੩॥੪੪॥
ਰਣਧੀਰਅਜੋਧਨੁਲੁੰਨਤਹੋ॥ਰਦਪੀਸਬਲੇਕਰਜੁਨਤਹੋ॥ਰਣਦੇਵਅਦੇਵਨਿ
ਹਾਰਤਹੋਂ॥ਜਯਸੱਦਨਨਾਦਿਪ੍ਰਕਾਰਤਹੋ॥੩॥੪੫॥ਗਹਿਗਿਧਨਬਿਧਰਕ੍ਤਿਤਨਕੋ॥
ਕਿਲਕੇਤਸੁਤਾਕਣਉਚਸੁਰੰ॥ਭ੍ਰਮਛਾਰਭੁਕਾਰਤਭੂਤਭੂਆ॥ਰਣਰੰਗਿਬਿਹਾਰਤਭੂ
ਤਦੂਈ॥੩॥੪੬॥ਖਰਦੂਖਣਆਰਬਹਾਇਦਏ॥ਜੱਯਸੱਦਨਿਨਦਬਿਹੰਦਭਏ॥ਸੁਰ
ਫੂਲਨਕੀਬਰਖਾਬਰਖੇ॥ਰਣਧੀਰਅਧੀਰਦੋਊਪਰਖੇ॥੩॥੪੭॥ ਇਤਿਸ੍ਰੀਬਚਿਤ੍ਰਨਾਟ
ਕੇਰਾਮਅਵਤਾਰਕਥਾਖਰਦੂਖਣਦਈਤਬਧੰਧਿਆਇਸਮਾਪਤਮਸਤੁਸੁਭਮਸਤੁ॥੬॥
ਅਥਸੀਤਾ ਹਰਨਕਥਨੰ॥ ਮਨੋਹਰਛੰਦ॥ ਰਾਵਨਨੀਚਮਰੀਚਹੂੰਕੇਗਿਹਬੀਚਗਏਬਧੰਬੀ
ਰਸੂਨੈਹੋ॥ਬੀਸਹੂਬਾਹਿਹਥਿਯਾਰਗਹੇਰਿਸਮਾਰਮਨੈਦਸਸੀਸਧੁਨੈਹੋ॥ਨਾਕਕਟਿਓ
ਜਿਨਸੂਪਨਖਾਕਹਤਉਤਿਹੋਂਕੋਦੁਖਦੇਖਲਰੈਹੋਹੋ॥ਰਾਵਲਕੋਬਨੁਕੈਪਲਮੋਛਲਕੈ
ਤਿਹਕੀਘਰਿਨੀਧਰਿਲਿਐਹੋ॥੩॥੪੮॥ ਮਰੀਚਬਾਚ॥ਮਨੋਹਰਛੰਦ॥ ਨਾਥਅਨਾਥਸਨਾ
ਥਕੀਓਕਰਕੈਅਤਿਮੋਰਕ੍ਰਿਪਾਕਹਾਏ॥ਭੂਉਨਤ੍ਰਤਾਰਅਟੀਬਿਕਟੀਪ੍ਰਭੁਆਜਸਬੈ
ਘਰਬਾਰਸੁਹਾਏ॥ਦੁਐਕਰਿਜੋਰਕਰਉਬਿਨਤੀਸੁਨਿਕੈਨ੍ਰਿਪਨਾਥਬੁਰੈਮਤਮਾਨੋ॥ਸ੍ਰੀ
ਰਘੁਬੀਰਸਹੀਅਵਤਾਰੁਤਿਨੈਤੁਮਮਾਨਸਕੈਨਪਛਾਨੋ॥੩॥੪੯॥ਰੋਸਭਰਿਓਸਤਅੰਗ
ਜਰਿਓਮੁਖਰਤਾਰਿਓਜੁਗਨੈਨਤਚਾਏ॥ਤੈਨਲਰੈਹਮਰੇਸਠਬੋਲਨਮਾਨਸਦ੍ਵੈਅਵ
ਤਾਰਗਨਾਏ॥ਆਤਕੀਏਕਹੀਬਾਤਕਹੇਤਜਤਾਤਧਨਾਥਨਬਾਸਿਨਿਕਾਰੇ॥ਤੇਦੋਊ
ਦੀਨਅਧੀਨਜੁਗੀਯਾਕਸਕੈਭਿਰਹੈਸੰਗਿਆਨਹਮਾਰੇ॥੩॥੫੦॥ਜਉਨਹੀਜਾਤਤ
ਹਾਂਕਹਤੈਸਠਿਤੋਰਿਜਵਾਨਕੋਲੁਟਪਟੈਹੋ॥ਕੋਚਨਕੋਟਕੇਊਪਰਤੇਗਿਰਤੋਹਿਨਦੀਸਰ
ਬੀਚਡੁਬੈਹੋ॥ਚੇਤਾਚੈਤਾਰਬਸਾਤਕਛੂਨਰਿਸਾਤਚਾਲਿਓਸੁਨਧਾਤਪਛਾਨੀ॥
ਰਾਵਨਨੀਚਕੀਮੀਚਅਧੋਗਤਰਾਘਵਧਾਮਪੁਰੀਸੁਰਮਾਨੀ॥੩॥੫੧॥ਕੰਚਨਕੋਹਰ

Digitized by Panjab Digital Library | www.panjabdigilib.org

ਣਾਬਨਕੈਰਘੁਬੀਰਬਲੀਜਹਥੇਤਤਹੰਆਗੋਰਾਵਣਦੇਉਤਤੇਜੁਗੀਯਾਜੀਅਲੈਨਿ
ਚਲਿਯੋਜਨਨੀਚਚਲਾਇਯੋ॥ਸੀਆਬਿਲੋਕਕੁਰੰਗਪ੍ਰਭਾਕਹਮੋਹਿਰਹੀਪ੍ਰਭਤੀਰਉ
ਚਾਰੀ॥ਆਨਦਿਜੈਹਮਕਉਮ੍ਰਿਗਵਾਸੁਨਸੀਅਵਧੇਸਮੁਕੰਦਮੁਰਾਰੀ॥੩॥੫੨॥ ਰਾਮ
ਬਾਚ॥ ਸੀਆਮ੍ਰਿਗਾਕਹੂੰਕੰਚਨਕੋਨਹਿਕਾਨਸੁਨਿਯੋਬਿਧਿਨੈਨਬਨਾਇਯੋ॥ਬੀਜਬਿ
ਸ੍ਰਿਛਲਦਾਨਵਕੋਬਨਮੋਜਿਹਆਨਤੁਮੈਰੁਹਕਾਇਯੋ॥ਧਿਪਿਆਰੀਕੋਆਇਜਮੋਟਿ
ਸਕੈਨਾਬਿਲੋਕਸੀਆਕਹਆਤਰਭਾਰੀ॥ਬਾਂਧਨਿਖੰਗਚਲੇਕਟਸੋਂਕਹਯੋਂਭ੍ਰਾ
ਤਈਹਾਂਕਰਿਐਰਖਵਾਰੀ॥੩॥੫੩॥ਓਟਥਕੇਓਕਰਿਕੋਟਨਿਸਾਚਰਸ੍ਰੀਰਘੁ
ਬੀਰਨਿਦਾਨਸੰਘਾਰਿਯੋ॥ਹੇਲਘੁਬੀਰਉਬਾਰਲੈਮੋਕਹਯੋਂਕਹਿਕੈਪੁਨਰਾਮਪੁ
ਕਾਰਿਯੋ॥ਜਾਨਕੀਬੋਲਕੁਬੋਲਸੁਨਿਯੋਤਬਹੀਤਿਹਓਰਸੁਮਿਤ੍ਰਪਠਾਯੋ॥ਰੇਖਕਮਾ
ਨਕੀਕਾਢਮਹਾਬਲਜਾਤਭੁਏਇਤਰਾਵਨਆਯੋ॥੩॥੫੪॥ਭੇਖਅਲੇਖਉਚਾ
ਰਕੈਰਾਵਣਜਾਤਭੁਏਸੀਆਕੋਢਿਗਯੋ॥ਅਵਿਲੋਕਧਨੀਧਨਿਵਾਨਬਡੋਤਿਹ
ਜਾਇਮਿਲੈਮਗਮੋਰਗਾਜਿਯੋ॥ਕਛੁਦੇਹੁਭਿਖ੍ਹਾਮ੍ਰਿਗਨੈਨਤੁਮੈਇਹਰੇਖਮਿ
ਟਾਇਹਮੈਅਬਹੀ॥ਬਿਨੁਰੇਖਭਈਅਵਲੋਕਲਈਹਰਿਸੀਅਉਡਿਯੋਨਭਕੋ
ਉਤਬਹੀ॥੩॥੫੫॥ ਇਤਿਸ੍ਰੀਬਾਚਿਤ੍ਰਨਾਟਕੇ ਰਾਮਵਤਾਰਕਥਾਸੀਤਾਹਰਨਧਿਆਇ
ਸਮਾਪਤੰ॥ ਅਥਸੀਤਾ ਖੋਜਬਨੋਕਥਨੰ॥ ਤੋਟਕਛੰਦ॥ ਰਘੁਨਾਥਹਰੀਸੀਅਹੇਰਮਨੰ॥ਗ
ਹਿਬਾਨਸਿਲਾਸਿਤਸਾਜਿਧਨੰ॥ਚਹੂੰਓਰਸੁਧਾਰਨਿਹਾਰਿਫਿਰੇ॥ਛਿਤਊਪਰਿਸੀ
ਰਘੁਰਾਜਗਿਰੇ॥੩॥੫੬॥ਲਘੁਬੀਰਉਠਾਇਸੁਅੰਕਭਰੇ॥ਸੁਖਪੋਛਤਬੈਬਚ
ਨਾਉਚਰੇ॥ਕਸਅਧੀਰਪਰੇਪ੍ਰਭਧੀਰਧਰੋ॥ਸੀਅਜਾਇਕਹਾਂਤਿਹਸੋਧਕਰੋ॥੩॥
੫੭॥ਉਠਠਾਢਭੁਏਫਿਰਭੂਮਗਿਰੇ॥ਪਹਰਏਕਕਲਉਠਿਫਿਰਿਧਾਨਫਿਰੇ॥ਤ
ਨਚੇਤਸੁਚੇਤਉਠੇਹਰਿਯੋ॥ਰਣਮੰਡਲਮਧਿਗਿਰਿਯੋਭਟਜਿਯੋ॥੩॥੫੮॥ਤ
ਹੂੰਓਰਸੋਂਢੂਢਪੁਕਾਰਥਕੇ॥ਲਘੁਭ੍ਰਾਤਭਏਬਹੁਭਾਂਤਦੁਖੀ॥ਉਠਕੈਪੁਨਪਾਤ

Digitized by Panjab Digital Library | www.panjabdigilib.org

ਇਜਨਾਨਗਏ॥ਜਲਜੀਤਸਭੈਜਰਿਛਾਰਭੁਏ॥੩॥੬੫੯॥ਬਿਰਗੀਜੇਹਉਰਸੁਣਾਏ
ਜਟਧਰੇ॥ਫਲਫੂਲਪਲਾਸਅਕਾਸਜਰੇ॥ਕਰੋਸਿਧਰਜਉਨਛੁਅਤਿਭਈ॥
ਕਛਬਾਸਨਿਜਿਓਪਕਫੂਟਗਈ॥੩॥੬੬੦॥ਜਿਹੰਭੂਮਿਥਲੀਪਰਰਾਆਫਿਰੇ
॥ਦਿਵਜਿਓਜਲਪਾਤਪਲਾਸਗਿਰੇ॥ਤੁਟਆਸੂਆਰਣਨੈਨਨਰੀਅ
ਨੌਤਾਤਤਵਾਪਰਭੂਦਪਰੀ॥੩॥੬੬੧॥ਤਨਰਾਘਵਤੇਟਸਮੀਰਜਰੀ॥ਤਜ
ਧੀਰਸਰੋਵਰਮਾਂਝੰਦੂਰੀ॥ਨਹਿਤੰਤ੍ਰਬਲੀਂਜਤਪੜਰਹੇ॥ਜਲਜੀਤਪਰਤ੍ਰਣ
ਪੜਦਹੇ॥੩॥੬੬੨॥ਇਤਢੂੰਢਬਨੇਰਘੁਨਾਥਫਿਰੇ॥ਉਤਰਾਵਨਆਨਜਟਾ
ਜੁਘਿਰੇ॥ਰਣਛੋਰਹਠੀਪਗਦ੍ਵੈਅਨਭਾਜਿਓ॥ਉੜਿਪੰਛਗਏਪੈਨਪਛਤ
ਜਿਓ॥੩॥੬੬੩॥ਗੀਤਾਮਾਲਤੀਛੰਦ॥ਪਛਰਾਜਰਾਵਨਮਾਰਿਕੈਰਘੁਰਾ
ਜਸੀਤਹਿਲੈਗਯੋ॥ਨਭਓਰਖੋਰਨਿਹਾਰਕੈਸੁਜਟਾਯੁਸੀਅਸੰਦੇਸਦਯੋ
ਯੋ॥ਤਬਜਾਨਰਾਮਗਏਦਿਖਲੀਸੀਅਸਤਰਾਵਨਹੀਹਰੀ॥ਹਨਵੰਤਮਾਰਗ
ਮੋਮਿਲੇਤਬਮਿਤ੍ਰਤਾਤਸੋਂਕਰੀ॥੩॥੬੬੪॥ਤਿਨਆਨਸ੍ਰੀਰਘੁਰਾਜਕੇਕਪਿਰਾ
ਜਪਾਇਨਰਾਰਿਓ॥ਤਿਨਪੇਰਠੌਰਹਿਏਕੈਰਹੁਵੈਇਹਭਾਂਤਿਮੰਤ੍ਰਬਿਚਾਰਿਓ
॥ਕਪਬੀਰਧੀਰਸਧੀਰਕੇਭਟਮੰਤ੍ਰਬੀਗਬਿਚਾਰਕੈ॥ਅਪਨਾਇਸੁਗ੍ਰੀਵਕਉ
ਚਲੇਕਪਿਰਾਜਬਾਲਸੰਘਾਰਕੈ॥੩॥੬੬੫॥ਇਤਿਸ੍ਰੀਬਚਿਤ੍ਰਨਾਟਕਗ੍ਰੰਥੇਬਾਲਬਧ
ਹਿਧਿਆਇਸਮਾਪਤੰ॥੮॥ਅਥਹਨੂਮਾਨਸੋਧਕੋਪਠੈਬੋ॥ਗੀਤਾਮਾਲਤੀਛੰਦ॥ਦ
ਲਬਾਂਟਚਾਰਦਿਸਾਪਠਿਓਹਨਵੰਤਲੰਕਪਠੈਦਏ॥ਲੈਮੁੰਦ੍ਰਕਾਲਖਬਾਰਿ

ਧੈਜਹੱਸੀਨੁਤੀਤੁਹੰਜਾਤਭਏ॥ਪੁਰਜਾਰਿਅਛ੍ਰਕੁਮਾਰਿਛੈਬਨਟਾਰਿਕੈਫਿਰਿਆ
ਇਓ॥ਕ੍ਰਿਤਭਾਰਜੋਅਸੁਰਾਰਕੋਜਬਰਾਮਤੀਰਜਤਾਇਯੋ॥੩॥੯੬॥ਦਲਜੋਰ
ਕੋਰਕਰੋਰਲੈਬਲਘੋਰਤੋਰਸਭੈਚਲੇ॥ਰਾਮਭੇਦਸੁਗੀਵਲਛਮਨਅਉ
ਰਸੂਰਭਲੇਭਲੇ॥ਜਾਂਮਵੰਤਸੁਖੇਨਨੀਲਹਨਵੰਤਅੰਗਦਕੇਸਰੀ॥ਕਪਿ
ਪੂਤਜੂਥਪਜੂਥਲੈਉਮਡੇਚਹੂੰਦਿਸਕੈਝਰੀ॥੩॥੯੭॥ਪਾਟਿਬਾਰਿਧਰਾਜ
ਕਉਕਰਿਬਾਟਿਲਾਘਿਗਏਜਬੈ॥ਭੂਤਦਈਤਨਕੇਹੁਤੇਤਬਦਉਰਰਾਵ
ਣਪੈਗਏ॥ਰਨਸਾਜਬਾਜਸਬੈਕਰੋਗਇਕਬੇਨਤੀਅਸਮਾਨੀਐ॥ਗੜ
ਲੰਕਬੰਕਸੁਭ੍ਰਾਰੀਐਰਘੁਬੀਰਆਗਮਜਾਨੀਐ॥੩॥੯੮॥ਧੂਮ੍ਰਅਛ
ਸੁਜਾਬਮਾਲਬੁਲਾਇਬੀਰਪਠੈਦਏ॥ਜੋਰਕੋਰਕ੍ਰੋਰਕੈਜਹਰਾਮਥੇਤਜਾ
ਤਭੇ॥ਰੋਸਕੈਹਨਵੰਤਥਾਪਰਰੋਪਪਾਵਪ੍ਰਹਾਰੀਯੋ॥ਧੂਮ੍ਰਅਛਭੂਮਿਗਿਰੋਬ
ਲੀਸੁਰਲੋਕਮਾਝਬਿਹਾਰੀਯੋ॥੩॥੯੯॥ਜਾਬਮਾਲਬਿਰਕਤੂਪਾਲਿਆ
ਰਿਐਸੇਈਲਏ॥ਭਾਜਕੀਨਪ੍ਰਵੇਸਲੰਕਸੰਦੇਸਰਾਵਨਸੋਂਦਏ॥ਧੂਮ੍ਰਾ
ਛਸੁਜਾਬਮਾਲਦਹੂੰਨਰਾਘਵਜੂਹਰੋ॥ਹੈਕਛੂਪ੍ਰਭੁਕੇਹੀਏਸੁਭਮੰਤ੍ਰਆਵ
ਤਸੋਕਰੋ॥੩॥੧੦੦॥ਪੇਖਤੀਰਅਕੰਪਨੈਦਲਸੰਗਿਦੈਸੁਪਠੈਦਯੋ॥ਭਾਂਤਿ
ਭਾਂਤਿਬਜੇਬਜੰਤ੍ਰਨਿਨੰਦਸਦਪੁਰੀਭਯੋ॥ਸੂਰਧਾਇਆਇਪ੍ਰਹਸਤਤੇ
ਇਹਤੀਤਿਮੰਤ੍ਰਬਿਚਾਰਿਯੋ॥ਸੀਅਦੇਹਿਲੋਰਘੁਰਾਜਕੋਕਜਰੋਸਰਾਵਨਿ
ਭਾਰਿਯੋ॥੩॥੦੧॥ ਛਪੈਛੰਦ॥ ਝਲਹਲੰਤਤਰਵਾਰਬਜਤਬਾਜੰਤ੍ਰਮਹਾ

ਧੁਨਾ॥ਖੜਹੜੈਤਖਹਖੋਲਿਧਿਆਨਤਾਜਿਪਰਤਚਵਧਸੁਨਾਇਕਾਇਕਲੈਚਲੈਸਇ
ਕਤਨਾਇਕਅਰੁਸੈ॥ਅੰਧਧੁੰਧਪਰਗਾਈਹਥਿਆਰ॥ਸੁਖਨਜੁਲੈ॥ਸਮੁਹੀਸੂਰਸਾਵ
ਤਸਬਫਉਜਰਾਜਅੰਗਦਜਅਰਾਸੈਸਦਨਿਨਵਾਬੈਹਦਹੂਅਧਨੁਜੰਪਤਸੁਰਪੁ
ਰਅਮਰਾ॥੩॥੨੨॥ਇਤਅੰਗਦਜੁਵਰਾਜੁਦੂਤੀਆਦਿਜਬੀਰਅਕੰਪਨਾ॥ਕਰਤ
ਬਿਸਟਸਰਧਾਰਤਜਤਨਹਿਨੈਕਅਯੋਧਨਾ॥ਹੱਥਬਥਾਮਿਲਗਏਇਲੂਬਾਬਿਝਰੀ
ਅਹਾੜੀ॥ਘੁਮੇਘਾਇਅਘਾਇਬੀਰਬੰਕੜੇਬਬਾੜੀ॥ਪਿਖੰਤਬੈਠਾਬਿਬਾਣਬਰਧੰਨ
ਧੰਨਜੰਪਤਅਮਰਾ॥ਭੂਵਭੂਤਤਾਵਿਖਭਵਾਨੋਅਬਲਗਾਲਖਿਉਨਅਜਸਅਰਾ॥
੩॥੨੩॥ਕਹੂੰਸੁੰਡਪਿਖਾਅਹਕਹੂੰਭੁਕਟੁੰਡਪਰਧਰਾ॥ਕਿਤਹੀਜੰਘਤੁਰਫੰਤਕਹੂੰਉਛ
ਰੰਤਸੂਛਬਕਰਾ॥ਤੁਰਤਪੰਡਖੇਚਰੰਕਹੂੰਚਾਵਾਂਤੁਰਿਕਾਰੈ॥ਕਿਲਕਤਕਹੀਮਸਾਨਕ
ਹੂੰਤੁਰਵਭੁਤਕਾਰੈ॥ਇਹਭਾਂਤਿਬਿਜੈਕਪਿਕੀਭਈਹਾਣਿਯੋਅਸੁਰਰਾਵਣਤਣਾ
ਭੈਦਗਾਅਦਗਭਗੇਹਠੀਗਾਹਿਕਰਿਦਾਤਨਾੜਿਣਾ॥੩॥੨੪॥ਉਤੈਦੂਤਰਾਵ
ਣੈਜਾਇਹਤਬੀਰਸੁਣਾਇਯੋ॥ਇਤਕਪਿਪਾਤਿਅਰਰਾਮਦੂਤਅੰਗਦਹਿਪਠ
ਯੋ॥ਕਹੀਕਥਾਤਿਹਸਥਗਾਥਕਰਿਤਖਸੁਨਾਇਯੋ॥ਮਿਲਹੁਦੇਹੁਜਾਨਕੀਕਾਲਨ
ਤਰਤੁਹਿਆਇਯੋ॥ਪਗਭੇਟਚਲਤਭਯੋਬਾਲਸੁਤਿਪਿਜਟਪਾਨਰਘਬਰਧਰੋ॥ਭੁ
ਰਅੰਕਪੁਲਕਤਨਪਜਾਜਿਯੋਭਾਂਤਅਨਕਆਸਿਖਕਰੋ॥੩॥੨੫॥ਪ੍ਰਤਉਤਰਸੀ
ਬਾਚ॥ਛਪੈਛੰਦ॥ ਦੇਹਸੀਅਦਸਕੰਧਛਾਹਿਨਹੀਦੇਖਨਪੈਹੋ॥ਲੰਕਫੀਨਲੀਜੀਐ
ਲੰਕਲਖਜੀਤਨਜੈਹੋ॥ਕੁਧਾਬਿਖੋਜਿਨਘੋਰਪਿਖਕਸਜੁਧਾਮਚੈਹੋ॥ਰਾਮਸਹਿਤ
ਕਪਿਕਟਕਆਜੀਮਿਗਜਿਜਾਰਖਵੈਹੋ॥ਜਿਨਕਰਸੁਗਰਬਸੁਣਮੂੜਮਤਗਰਬ
ਗਵਾਇਘਨੇਰਘਰਾ॥ਬਸਕਰੇਸਰਬਘਰਗਰਬਹਮਏਕਨਮਾਹਿਦੁਵੈਦੀਨਨ
ਰਾ॥੩॥੨੬॥ ਰਾਵਨਬਾਚ॥ ਅੰਗਦਸੋ॥ ਛਪੈ॥ ਅਗਨਪਾਕਕਹੂੰਕਰੈਪਵਨਮੁਰਬਾਰ
ਬੁਹਾਰੈ॥ਚਵਰਚੰਦ੍ਰਮਾਧਰੈਸੂਰਛਤ੍ਰਹਿਸਿਰਢਾਰੈ॥ਅਦਲਛਮੀਪੀਜ ਵੇਤਬੇ

Digitized by Panjab Digital Library | www.panjabdigilib.org

ਦਾਮੁਖਬ੍ਰਹਮਅਉਹਾਰਤਾਬਰਨਬਾਗਨਿਭਰੇਅੰਨੂਕੂਲਦੇਵਸੁਹਾਰਤਾ॥ਨਿਜਕਹਤਿਸੁਬ
ਲਦਾਨਵਪ੍ਰਬਲਦੇਤਧਨਾਦਿਜਛੋਹਿਕਰਾਵਿਜੁਧਜੀਤਤੇਜਾਹਿਗੇਕਹਾਦੋਇਤੋਰੀ
ਨਨਰਾ॥੩॥੨੨॥ਕਹਿਹਾਰਿਫੋਕਾਪ੍ਰਕੋਟਿਵਈਤਪਾਤਿ॥ਇਕਨਮਾਨੀ॥ਉਠਤਪਾਵਰੂ
ਪ੍ਰਿਓਜਭ੍ਰਾਸੁਮਧਅਭਿਮਾਨੀ॥ਬਕੇਜਕਲਅਮਰਾਰਪਾਵਕਿਨਹੂੰਨਉਚਾਕਿਓਗਿ
ਰੇਧਰਨਸੁਰਛਾਇਬਿਅਨਦਨਵਦਲਬਾਕਿਓ॥ਲੈਚਲੀਓਬਤੀਛਿਨਭ੍ਰਾਤਤਿਹੰਬਾਲ
ਪੁਤ੍ਰਸੁਮਰਨਾਭੁਵਹਟਕਾਬਿਕਟਾਤਿਹੰਨਸਕੇਚਲਿਆਇਓਜਿਤਰਾਮਰਨਾ॥੩॥੮੮
॥ਕਹਿਬਾਲਿਓਲੰਕੇਸਤਾਹਿਪ੍ਰਭਰਾਜੀਵਲੋਚਨਾ॥ਕੁਟਲਅਲਕਾਮੁਖਛਕੇਸਕਲਸੀ
ਤਦੁਖਮੋਚਨਾ॥ਕਪੇਸਰਬਕਾਪਿਰਾਜਾਬਿਜੇਪਹਲੀਰਣਚਖੀ॥ਫਿਰੇਲੰਕਗੜ੍ਹਘੇਰਾਦਿ
ਸਾਦਕਨੀਪਰਖੀ॥ਪ੍ਰਭਕਰੇਬਤੀਛਿਨਲੰਕਪਤਿਸੁਣੀਬਾਤਰਾਵਣਿਘਰਾਣਿ॥ਸੁਨੀ
ਜੰਤਿਤੋਂਬਿਬਿਜਰਤਭੁਈਗਿਰਿਧਰਣਪਰਹੂਐਬਿਮਣਾ॥੩॥੮੯॥ਮੰਦੋਦਰੀਬਾਚਾ॥ਉਟ
ਕ ਨਿਫਦਾ॥ ਸੁਰਬੀਰਰਾਸਜੇਘੋਰਬਾਜੇਬਜੇਭ੍ਰਾਜਵੇਤਾਸੁਣੇਰਾਮਆਇਓ॥ਬਾਲਮਾਰਿ
ਓਬਲੀਸਿੰਧਪਾਟਿਓ॥ਜਿਨੈਤਾਹਿਸੇਬੈਰਕੈਸੇਰਚਾਇਓ॥ਬਾਧਜੀਤਿਓਜਿਨੈਜੰਭਮਾ
ਰਿਉਨੈਰਾਮਅਉਤਾਰਸੋਈਸੁਹਾਇਓ॥ਦੇਮਿਲੋਜਾਨਕੀਬਾਤਹੈਸਿਆਨਕੀਰਾਮ
ਕੇਦਾਮਕੈਸੇਚਲਾਇਓ॥੩॥੯੦॥ਰਾਵਣਬਾਚ॥ਬਿਸੁਹੈਨਾਸਜੇਘੋਰਬਾਜੇਬਜੇਕੋਟਿਜੋ
ਧਾਗਜੇਆਨਨੇਰੇ॥ਸਾਜਸੈਜੋਰਿਜੁਹੈਸੈਨਾਸਬੈਆਜਮਾਰੋਤਰੇਦਿਸਾਟਤੇਰੇ॥
ਏਉਂਜੀਤੋਕਰੋਜਛਰੀਤੋਧਨਨਾਰਿਜੀਤਾਬਰੇਜੀਤਸੁਧੈ॥ਸੁਰਗਪਾਤਾਲਆਕਾ
ਸੁਜੁਆਲਾਜਰੈਬਾਚਹੈਰਾਮਕਾਮੋਰਕ੍ਰੁਧੈ॥੩॥੯੧॥ਮੰਦੋਦਰੀਬਾਚ॥ਤਾਰਕਾਜਾਤਹੀ
ਘਾਤਕੀਨੀਜਿਨੈਅਉਰਸੁਬਾਹਮਾਰੀਚਮਾਰੇ॥ਬਿਰਾਧਬਾਧਿਓਖਰੰਦੂਖਣੰਖੇਤਖੰਡੇ
ਕਹੀਬਾਨਸੇਬਾਲਤਾਰੇ॥ਧੁਮ੍ਰਅਛਾਦਅਉਜਾਬੁਮਾਲੀਬਲੀਪ੍ਰਾਣਹੀਣੰਕਰਿਓ
ਜੁੱਧਜੈਕੈ॥ਮਾਰਿਹੈਤੋਹਿਓਸਿਆਰਕੇਸਿੰਘਜਿਓਲੇਹਿਗੇਲੰਕਕੋਡੰਕਦੈਕੈ॥੩॥
੯੨॥ਰਾਵਣਬਾਚ॥ਚਉਰਚੰਦ੍ਰਕਰੈਛਤ੍ਰਸੂਰੰਧਰੈਬੇਦਬ੍ਰਹਮਾਰਰੈਦੁਆਰਮੋਰੇ॥ਪਾ

ਕਪਾਵਕਕੈਰਨੀਰਬਰਣੰਤ੍ਰਿਸੈਂਛਬਿਦਿਆਧਰੰਕੀਨਚੇਰੋ॥ਅਰਬਖਰਬਪੁਰੰਚਰਬ
ਸਰਬੰਕਰੇਦੇਖਕੈਸੇਕਰਿਬੀਰਖੇਤੰ॥ਚਿੰਕਹੈਚਾਂਵਡੀਫਿਕਰੈਹੈਫਿਕਰੀਨਾਚੈਹੈਬੀਰ
ਬੈਤਾਲਪ੍ਰੇਤੰ॥ ੩॥੮੩॥ ਮੰਦੋਦਰੀਵਾਚ॥ ਤਾਸਨੇਜੰਦੁਲੈਘੋਰਬਾਜੇਬਜੈਰਾਮਲੀਨੇਦ
ਲੈਆਨਦੂਕੈ॥ਬਾਨਰੀਪੂਤਚਿੰਕਾਰਅਪਾਰੰਕ੍ਰੋਮਾਰਮਾਰੇਚਹੂੰਓਰਕੂਕੈ॥ਭੀਸ
ਭੇਰੀਬਜੈਜੰਗਜੋਧਾਗਜੇਬਾਨਚਾਪੈਚਲੈਨਾਹਿਜਉਲੋ॥ਬਾਤਕੋਮਾਨੀਐਘਾਤ
ਪਹਿਚਾਨੀਐਰਾਵਰੀਦੇਹਕੀਸਾਂਤਤਉਲੋ॥੩॥੮੪॥ਘਾਟਘਾਟੈਰੁਕੈਬਾਟਬਾਟੈਤੁ
ਪੈਅਰਬੈਠਕਹਾਰਾਮਆਏ॥ਘੋਰਹਾਰਾਮਹਰੀਫਕੀਆਖਤੈਚਾਮਕੇਜਾਤਕੈਸੇ
ਚਲਦੇ॥ਹੋਇਗੋਖ੍ਯਾਗਬਿਸੀਆਰਖਾਨਾਤੁਰਾਬਾਨਰੀਪੂਤਜਉਲੋਨਗਾਜੇਹੈ॥
ਲੰਕਕੋਛਾਡਕੈਕੋਟਕੋਛਾਡਕੈਅਸੁਰੀਪੂਤਲੈਧਾਸਿਭ੍ਰਾਜੇਹੈ॥੩॥੮੫॥ ਰਾਵਨਬਾਚ
ਬਾਵਰੀਰਾਂਡਕਿਆਭੰਡੂਬਾਤੈਬਕੈਰੰਕਸੇਰਾਮਕਾਛੋਰਆਸਾ॥ਕਾਹੇਹੋਬਾਜਿਦੈ
ਬਾਨਬਾਜੀਗਰੀਦੇਖਿਹੋਆਜੁਤਾਕੋਤਮਾਸਾ॥ਬੀਸਬਾਹੰਧਰੰਸੀਸਦਾਸੰਜਾਸਿਰੰ
ਸੈਨਸੂਰਹਾਂਸੀਗੇਮੇਰੋ॥ਭਾਜਜੈਹੈਕਹਾਬਾਟਪੈਹੈਉਹਾਮਾਰਿਹੈਬਾਜਜੈਸੇਬਟੇਰੋ
੩॥੮੬॥ਏਕਏਕੈਹਿਰੇਲੂਆਨੂਮੈਂਅਰੈਆਪਆਪੰਗਿਰੈਹਾਕਮਾਰੋ॥ਲਾਗਜੇਹ
ਉਹਾਭ੍ਰਾਜਜੈਹੈਜਹਾਫੂਲਜੈਹੈਕਹਾਤੈਉਬਾਰੋ॥ਸਾਜਬਾਜੇਸਬੈਆਜਲੈਹਉ
ਤਿਨੇਰਾਜਕੋਜੋਕਰੈਕਾਜਮੈਸੋ॥ਬਾਨਰੰਛੇਕਰੋਰਾਮਲਛੰਹਰੋਜੀਤਹੋਹੋਰਤਉਆਨ
ਤੈਸੋ॥੩॥੮੭॥ਕੋਟਿਬਾਤੈਗੁਨੀਏਕਕੈਨਾਸੁਨੀਕੋਪਿਮੁੰਡੀਧੁਨੀਪੁਤ੍ਰਪਠੋ॥ਏਕਨ
ਰਾਤਦੇਵਾਤਦੂਜੇਬਲੀਭੂਮਕੰਪੀਰਣੰਬੀਰਗੜ੍ਹਿਓ॥ਸਾਰਭਾਰਿਪਰੈਧਾਰਧਾਰੰਬਜੀ
ਕ੍ਰੋਹਕੈਲੋਹਕੋਛਿਟਛੂਟੈ॥ਤੁੰਡਧੁਕੰਧੁਕਪਰੈਘਾਇਭਕਭੁਕਕਰੈਬਿਖਰੀਜੂਥਸੇ
ਲੂਥਲੂਟੈ॥੩॥੮੮॥ਪੜਜੁਗਣਚੰਡਸਦਦੇਵੀਕਰੈਨਦਭੈਰੋਰੌਰਰੈਗੀਤਗਾਵੈ॥ਭੂਤ
ਅਉਪ੍ਰੇਤਬੈਤਾਲਬੀਰੰਬਲੀਮਾਸਅਹਾਰਤਾਰੀਬਜਾਵੈ॥ਜੱਛਗੰਧ੍ਰਬਅਉਸਰਬ
ਬਿਦਿਆਧਰੰਮਧਿਆਕਾਸਤਭੋਜਦਏਵੈ॥ਲੁਥਬਿਥੁਰੰਗੀਤੁਹਕੂਹੂਭਰੀਮਚੀ

Digitized by Panjab Digital Library | www.panjabdigilib.org

ਫੌਜੁਧਆਨੂੰਪੈਤੇਦੇਵੋ॥੩॥੮੯॥ ਸੰਗੀਤ ਛਪੈ ਛੰਦ॥ ਕਾਗੜਦੀਕੁਪਿਓਕਪਿਕਟਕਬਾਗੜ
ਦੀਬਾਜਨਰਣਬਜੀਯੰ॥ਤਾਗੜਦੀਤੇਗਝਲਹਲੀਗਾਗੜਦੀਜੋਧਾਗਜੀਯੰ॥
ਸਾਗੜਦੀਸੂਰਸਮੂਹੇਨਾਗੜਦੀਨਾਰਦਮੁਨਿਨਚਿਯੋ॥ਬਾਗੜਦੀਬੀਰਬੈਤਾ
ਲਿਆਗੜਦੀਆਰਣਰੰਗਰਚਿਯੋ॥ਸਾਗੜਦੀਸੁਭਟਨਚੇਸਮਰਫਾਗੜਦੀ
ਫੂਕਫਣੀਅਰਕਰੈ॥ਜਸਾਗੜਦੀਸਅਟੈਜੁਕੜੈਫਣਪਤਿਫਣਿਫਿਰਿਫਿਰਿ
ਧਰੈ॥੩॥੯੦॥ਢਾਗੜਦੀਢੁਕਢਕਢਕੀਰਾਗੜਦੀਰਣਗਿਧਿਰੜਕੋਂ॥ਲਾਗੜ
ਦੀਲੋਥਬਿਥੁਰੀਭਾਗੜਦੀਭੂਤਪਾਇਤ੍ਰਭੁਕੋਂ॥ਬਾਗੜਦੀਬਰਖਤਬਾਣਝ
ਗੜਦੀਝਲਮਲਤਕ੍ਰਿਪਾਣੰ॥ਗਾਗੜਦੀਗਜਸਿੰਜੋਰੈ॥ਕਾਗੜਦੀਕਢੇਕਿਕਾ
ਣੰ॥ਬਬਾਗੜਦੀਬਹਤਬੀਰਨਸਿਰਨਤਾਗੜਦੀਤਮਕਿਤੇਗੇਕੜੀਆਣੈ
ਝਾਗੜਦੀਝਟਕਦੈਝੜਨਸਮੈਝਲਪਲਝਕਬਿਜੁਲਝੜੀਆ॥੩॥੯੧॥ਨਾਗ
ੜਦੀਨਾਰਾਂਤਕਗਿਰਦੰਦਾਗੜਦੀਦੇਵਾਂਤਕਧਾਇਓ॥ਜਾਗੜਦੀਜੁਧਕਰਤੁਮ
ਲਸਾਗੜਦੀਸੁਰਲੋਕਸਿਧਾਇਓ॥ਦਾਗੜਦੀਦੇਵਰਹਸੰਤ॥ਆਗੜਦੀਅਸੁ
ਰਣਰਣਜੋਗੰ॥ਜਾਗੜਦੀਜਿਧਜਰਸੰਤ॥ਨਾਗੜਦੀਨਾਰਤਤਜਿਜੋਰੋਖੰ
ਖਾਗੜਦੀਖਜਹਭੁਏਪਾਪਾਤਿਖਲਪਾਗੜਦੀਪੁਹਪਬਰਖਤਅਮਰਾਜਿਜਾਗ
ਗੜਦੀਸਕਲਜੈਜੈਜਪੇ॥ਸਾਗੜਦੀਸੁਰਪੁਰਹਿਨਾਰਨਗ॥੩॥੯੨॥ਰਾਗੜਦੀਰ
ਹਣਹਸੁਨਿਓਸਾਗੜਦੀਵੋਭੂਤਰਣਜੁਝੇ॥ਬਾਗੜਦੀਬੀਰਬਡਗਿਰੇਆ
ਗੜਦੀਆਹਵਹਿਆਭੂਭੋ॥ਲਾਗੜਦੀਲੁਥਬਿਥੁਰੀਚਾਗੜਦੀਚਾਵੰਡਾਚਿੰਕਾਂ
ਨਾਗੜਦੀਨੰਦਭਏਗੰਦਕਾਗੜਦੀਕਾਲੀਕਿਲਕਾਰੀ॥ਭਿਭਾਗੜਦੀਭਭੰਕਰ
ਜੁਧਭੁਓਜਾਗੜਦੀਜੂਹਜੋਗਣਜੁਰੀਆ॥ਕਾਂਕਾਗੜਦੀਕਿਲਕਤਕੁਹਕਰਪ
ਗੜਦੀਪੜਲੋਣਤਭਰੀਆ॥੩॥੯੩॥ ਇਤਿ ਸ੍ਰੀ ਬਚਿਤ੍ਰ ਨਾਟਕੇ ਰਾਮਵਤਾਰ ਕਥਾ ਦੇਵਾਂ
ਤਕਨਰਾਂਤਕਦਾਨਵਬਧਹਿਧਿਆਇਸਮਾਪਤਮਸਤੁਸੁਭਮਸਤੁ॥੧੯॥ ਅਥ ਪ੍ਰਹਸਤ ਜੁ

Digitized by Panjab Digital Library | www.panjabdigilib.org

ਧਕਥੀਅੰ ॥ ਸੰਗੀਤਛਪੈਛੰਦ ॥ ਪਾਗੜਦੀਪ੍ਰਹਸਤਪਠਿਓਦਾਗੜਦੀਦੈਕੈਦਲਾਅਨਗ
ਨਾ ॥ ਕਾਗੜਦੀਕੰਪਭੂਅਉਠੀਬਾਗੜਦੀਬਾਜੀਅਨੁਖੁਰੀਅਨਤਨਾ ॥ ਨਾਗੜਦੀ
ਨੀਲਤਿਹੰਸਿਣੰਓਭਾਗੜਦੀਗਹਿਭੂਮਿਪਛੜੀਆ ॥ ਜਾਗੜਦੀਜਮਰਾਹਹਕਾਰਤ
ਓਦਾਗੜਦੀਦਾਨਵਦਲਭਾਗੀਅੰ ॥ ਧਾਗੜਦੀਧਾਇਭੁਕਭੁਕਕਰਤਰਾਗੜਦੀ
ਰੁਹਿਰਰਣਰੰਗਬਾਹੀਅੰ ॥ ਜਾਗੜਦੀਜਯਹਜੁਗਣਜਪੈਕਾਗੜਦੀਕਾਕਕਕਕ
ਹੂਕਕਹਾ ॥੩॥੯੪॥ ਪਾਗੜਦੀਪ੍ਰਹਸਤਜੁਝੈਤਲਾਗੜਦੀਲੈਚਲਓਅਪਦਲਾ ॥
ਭਾਗੜਦੀਭੂਮਿਭੜਹੜੀਕਾਗੜਦੀਕੰਪੀਦੋਈਜਲਥਲਾ ॥ ਨਾਗੜਦੀਨਾਦਨਿ
ਹਨਦਭਾਗੜਦੀਰਣਭੈਰਭਯੰਕਰਾ ॥ ਸਾਗੜਦੀਸਾਂਗਸਲਹਲਤਭਾਗੜਦੀ
ਚਮਕੰਤਚਲਤਸਰਾ ॥ ਖੰਖਾਗੜਦੀਖੜਗਖਿਮਕਤਖਹਤਚਾਗੜਦੀਚਵਕਸੇ
ਨਰੋਕਫੈ ॥ ਠੰਠਾਗੜਦੀਠਾਟਠਟਕਰਮਣੋਢਾਗੜਦੀਠਣਕਰਹਿਆਰਪੜੇ
॥੩॥੯੫॥ ਢਾਗੜਦੀਢਾਲਉਛਲਹਿਬਾਗੜਦੀਰਣਬੀਰਥਬਕਹਿਆ ॥ ਆਗ
ੜਦੀਇਕਜਲੈਚਲੈ ॥ ਇਕਕਹਾਇਕਉਚਕਾਹਿਆ ॥ ਤਾਗੜਦੀਤਾਲਤੰਬੂਰਬਾ
ਗੜਦੀਰਣਬੀਰਸੁਬਜੈਆ ॥ ਸਾਗੜਦੀਸੰਖਕੇਸਬਦਗਾਗੜਦੀਗੈਵਰਗਲਗ
ਜੈਅੰਧ ॥ ਧਾਗੜਦੀਧਰਣਿਧੜਧੁਕਿਪਰਤਚਾਗੜਦੀਚਕਾਤਾਚਿਤਅਹਿਆਅਰਾ ॥
ਪ ॥ ਪਾਗੜਦੀਪ੍ਰਹਪਬਰਖਾਕਰਤਜਾਗੜਦੀਜਛਰੀਧਬਬਰਾ ॥੩॥੯੬॥ ਸਾਗ
ੜਦੀਸੁਸਤ੍ਰਭਟਗਿਰੈਮਾਗੜਦੀਸੁਖਮਾਰਉਚਾਰੈ ॥ ਸਾਗੜਦੀਸੰਜਪੰਜਰੇਘਾ
ਗੜਦੀਘਣੀਅਰਜਣਕਾਰੇ ॥ ਤਾਗੜਦੀਤੀਰਬਰਖੰਤਗਾਗੜਦੀਗਹਿਗ
ਦਾਗਿਸਦੀਆ ॥ ਆਗੜਦੀਅੰਤ੍ਰਮੁਖਜਪੈਆਗੜਦੀਅੰਛਰਬਰਾਇਸਦੀਆ ॥ ਸਾਗੜਦੀਸ
ਦਾਸਿਵਸਿਮਾਰਕੈਜਾਗੜਦੀਜੁਲਜੋਧਾਮਰਤਾਅਜਿ ॥ ਸਾਗੜਦੀਸੁਭਟਸਨਮੁਖਰਿ
ਰਤਆਗੜਦੀਅਪਛਰਨਕਹਬਰਤਾ ॥੩॥੯੭॥ ਭੁਜੰਗਪ੍ਰਯਾਤਛੰਦ ॥ ਇਤੈਉਚਰੇ
ਰਾਮਲੀਕੇਸਬੈਣੀ ॥ ਉਤੇਦੇਵਦੈਖੇਚੜ੍ਹੈਰਥਰੈਣੀ ॥ ਕਹੋਏਕੈਕੀਅਨੇਕੰਪ੍ਰਕਾਰੀਅਮ

ਲੇਜੁਧਜੇਤੇਸਮੱਤੇਜੁਝਾਰੇ॥੩੯੮॥ ਸ੍ਰੀਬੀਛਨਬਾਚਰਾਮਸੋਂ॥ ਧੁਨੰਮੰਡ੍ਰਨਾਕਾਰਜਾਕੋਬਿਰਾਜੈ
॥ਸਿਰੰਜੈਤਪਤ੍ਰੰਸਿਤੰਛਤ੍ਰਛਾਜੈ॥ਰਥੰਬੇਸਟੰਸ੍ਰਿਸਟਪ੍ਰਿਸਟੰਤੁਰੰਗੰ॥ਤਿਸੈਨਾਥਜਾ
ਨੋਹਠੀਇੰਦ੍ਰਜੀਤੰ॥੩੯੯॥ਹਨੇਪਿੰਗ੍ਰਬਾਜੀਰਥੰਜੇਨਜੋਤੈ॥ਮਹਾਕਾਇਪੇਖੇਸਬੈਦੇਵਛੋ
ਭੈ॥ਹਰੇਸਰਬਗਾਰਬੰਧਨੰਪਾਲਜੇਵੈ॥ਮਹਾਕਾਇਨਾਮਾਮਹਾਬੀਰਦੇਵੈ॥੪੦੦॥ਲਗੇਮ
ਯੂਰਬਰਣੰਰਥੰਜੇਨਬਾਜੀ॥ਬਧੇਮਾਰਮਾਰੰਤਜੈਬਾਣਰਾਜੀ॥ਮਹਾਜੁਧਕੋਕਰਮਹੋ
ਦਰਬਖਾਨੋ॥ਸਤਿਸੰਜੁਧਕਰਤਾਬਰੰਤ੍ਰਾਸਜਾਨੋ॥੪੦੧॥ਲਗੇਮੁਖਕੰਬਰਣਬਾਜੀਰ
ਥੰਸੋਹਸੰਧੂਨਕੇਗਊਨਕਉਚਾਰਦੇਸੋ॥ਧਰੇਬਾਣਪਾਣੰਕਿਧੋਕਾਲਰੂਪੰ॥ਤਿਸੈਰਾ
ਮਜਾਨੋਸਹੀਦਈਤਭੂਪੰ॥੪੦੨॥ਫਿਰੈਮੋਰਪੁਛੰਢੁਰੈਚਉਰਚਾਰੰ॥ਰੜੈਕਿਤਬੰਦੀਅ
ਨੰਤੰਅਪਾਰੰ॥ਰਥੰਸੁੱਵਰਣਕੀਕਿੰਕਣੀਭਾਰਸੋਹੈ॥ਲਖੇਦੇਵਕੰਨਿਆਮਹਾਤੇਜਮੋ
ਹੈ॥੪੦੩॥ਛੁਕੇਮਧਿਜਾਕੀਧੁਜਾਸਾਰਦੂਲੰ॥ਇਹੈਦਈਤਰਾਜੰਦੁਰੰਦ੍ਰੋਹਮੂਲੰ॥ਲਾਲ
ਸੇਲ੍ਹੀਵਸੀਸੰਕਮੈਚੰਦ੍ਰਭਾਂਕੋ॥ਰਮਾਨਾਥਚੀਨੋਦਸੰਗ੍ਰੀਵਤਾਕੋ॥੪੦੪॥ਦ੍ਰਹੂਉਰਬ
ਜੈਬਜੰਤ੍ਰੇਅਪਾਰੰ॥ਮਚੇਜੂਰਬੀਰੰਮਹਾਸਸਤ੍ਰਧਾਰੰ॥ਕਰੈਅਤ੍ਰਪਾਤੰਨ੍ਰਿਪਾਤੰਤਸੂਰੰ
॥ਉਠੇਮਧਿਬਧੰਕਮਧੰਕਰੂਰੰ॥੪੦੫॥ਗਿਰੈਰੁੰਡਮੁੰਡੰਭਸੁੰਡੰਅਪਾਰੰ॥ਰੁਲੇਅੰਗਭੰਗੰਸ
ਮੱਤੰਜੁਝਾਰੰ॥ਪਰੀਕੂਕਹੂਹੰਉਠੇਗਦਸਦੰ॥ਜਕੇਸੂਰਬੀਰੰਛਕੇਜਾਣੁਮੱਦੰ॥੪੦੬॥ਗਿ
ਰੇਭੂਮਭੂਮੰਅਘੂਮੰਜੋਤਿਘਾਯੰ॥ਉਠੇਗਦਸਦੰਚੜੇਚਉਪਚਾਯੰ॥ਜੁਝੇਵੀਰਏਕੰਅ
ਨੇਕੰਪ੍ਰਕਾਰੰ॥ਕਟੇਅੰਗਜੰਗੰਰਣੈਮਾਰਮਾਰੰ॥੪੦੭॥ਛੁਟੈਬਾਣਪਾਣੰਉਠੇਗਦਸਦੰ॥
ਰੁਲੇਭੂਮਭੂਮੰਸੁਬੀਰੰਬਿਹੱਦੰ॥ਨਚੇਜੰਗਰੰਗੰਤਤਥੱਈਤਤਥਿਯਾ॥ਛੁਟੈਬਾਣਰਾਜੰ
ਫਿਰੈਛੂਛਹਥਿਯਾ॥੪੦੮॥ਗਿਰੇਅਗ੍ਰਸਿਬਾਰਣੰਬੀਰਖੇਤੰ॥ਨਚੇਕੰਧਹੀਣੰਕਬੰਧੰਅ
ਚੇਤੰ॥ਭਰੇਖੇਚਰੀਪਤ੍ਰਚਉਸਠਚਾਰੰ॥ਚਲੇਸਰਬਆਨੰਦਭਊਏਆਸਹਾਰੰ॥੪੦੯॥
ਗਿਰੇਬੰਕੜੇਬੀਰਬਾਜੀਸੁਦੇਸੰ॥ਪਰੇਪੀਲਵਾਨੰਛੁਟੇਚਾਰਕੇਸੰ॥ਕਰੈਪੈਜਵਾਰੰਪ੍ਰਚਾ
ਰੰਤਬੀਰੰ॥ਉਠੈਸ੍ਰੋਣਧਾਰੰਅਪਾਰੰਗਭੀਰੰ॥੪੧੦॥ਛੁਟੈਚਾਰਚਿਤ੍ਰੰਬਚਿਤ੍ਰੰਤਬਾਣੰ

Digitized by Panjab Digital Library | www.panjabdigilib.org

ਚਲੇਬੈਠਵੈਸੂਰਬੀਰੰਾਬਿਮਣਾਗਿਰੇਬਾਰੁਣਿਬਿਬੁਗੀਲੁਬਜੁਥਾਂਖੁਲੇਸੁਰਗਦੁਆਰਿਗ
ਏਬੀਰਾਅਛੂਬੀ॥੪੧੧॥ ਦੋਹਰਾ॥ ਇਹਬਿਧਿਹਤਿਸੈਨਾਭੁਈਰਾਵਣਰਾਜਬਿਰੁਧ॥ਲੀਕਬੰਕ
ਪ੍ਰਾਪਤਭਏਦਸਸਿਰਮਹਾਸੁਕ੍ਰਧ॥੪੧੨॥ ਭੁਜੰਗਪ੍ਰਯਾਤਛੰਦ॥ ਤਬੈਸੁਕਲੇਦੂਤਲੀਕੇਜਆਪੰਆ
ਨਬਚਕਰਾਂਸਿਵੰਜਾਪਜਪੀਅਸਬੈਮੰਤ੍ਰਹੀਣਸਸਾਅੰਤਕਾਲੰ॥ਭੁਜੇਏਕਚਿਤੰਸੁਕਾਲੰਕ੍ਰਿਪ
ਲੰ॥੪੧੩॥ਰਥੀਪਾਏਕੰਦੰਤਪੰਤੀਅਨੰਤੰ॥ਚਲੇਪਖਰੇਬਾਜਰਾਜੰਸੁਭੰਤੰ॥ਧਸੇਨਾਸਕਾਜੇਨ
ਮੰਨੇਸੁਬੀਰੰ॥ਬਜੇਕਾਨਰੇਰੰਕਰਉਰੁਨਫੀਰੰ॥੪੧੪॥ਬਜੈਲਾਗਬਾਦੀਨਨੰਦੀਤਵੀਰੰ॥
ਉਠੇਗਾਦਸਦੰਨਿਨਦੰਨਫੀਰੰ॥ਭਏਆਕੁਲੀਬਿਆਕੁਲੰਛੋਰਿਭਾਗੀਅੰ॥ਬਲੀਕ੍ਰੋਭਕ
ਨੰਤਊਨਾਹਿਜਾਗੀਅੰ॥੪੧੬॥ਚਲੇਛਾਡਿਕੈਆਸਨੇਰਾਸੀ॥ਭਏਭ੍ਰਾਤਕੇਜਾਗਬੇਤੰਉਦਾ
ਸੀ॥ਤਬੈਦੇਵਕੰਨਿਆਕਰਿਯੋਗੀਤਗਾਨੰ॥ਉਠਿਯੋਦੇਵਦੇਖੀਨਦਾਲੀਸਪਾਨੰ॥੪੧੭॥
ਕਰੋਲੰਕਦੇਸਿਪ੍ਰਵੇਸੀਤਤੁਰੰ॥ਬਲੀਬੀਸਬਾਹੀਮਹਾਸਸਤ੍ਰਪੂਰੰ॥ਕਰੈਲਾਗਮੰਤ੍ਰਕੁਮੰਤ੍ਰ
ਬਿਚਾਰੰ॥ਇਤੈਉਚਰੇਬੈਨਕ੍ਰੁਤੰਲਣਾਰੰ॥੪੧੮॥ਜਲੰਗਾਗਰੀਸਪਤਸਾਹਸ੍ਰਪੂਰੰਆ
ਖੰਪ੍ਰਛਾਲਿਯੋਕੰਭਕਾਨਿਕ੍ਰੂਰੰ॥ਕੀਯੋਆਜਹਾਰੰਮਹਾਮਦਪਾਨੰ॥ਉਠਿਯੋਲੈਗਦਾਕੋਭਰਿ
ਯਵੀਰਮਾਨੰ॥੪੧੯॥ਭੁਜੀਬਾਨਰੀਪੇਖਸੈਨਾਅਪਾਰੰ॥ਝਸੇਜੂਥਪੇਜੂਥਜੋਧਾਜੁਝਾਰੰ
॥ਉਠੇਗਦਸਦੰਨਿਨਦੰਤਵੀਰੰ॥ਫਿਰੈਰੁੰਡਮੁੰਡਤੁਨੰਤਛਤੀਰੰ॥੪੨੦॥ ਭੁਜੰਗਪ੍ਰਯਾਤਛੰਦ
ਗਿਰੇਮੁੰਡਤੁੰਡੰਭਸੁੰਡੰਗਜਾਨੰ॥ਫਿਰੈਰੁੰਡਮੁੰਡਸੁਭਰੰਨਿਸਾਨੰ॥ਰੜੈਕੰਕਬੰਕੰਸਕੰਤਜੋਧ
॥ਉਠੀਕ੍ਰੂਹਹੂਹੰਮਿਲੇਜਣਕ੍ਰੋਧੰ॥੪੨੦॥ਅਣੀਤੇਗਤੇਜੰਸੁਰੋਸੰਪ੍ਰਹਾਰੰ॥ਸਿਖਾਮੀਦਾਮ
ਨੀਜਾਣਭਾਪਮਣਾਰੰ॥ਹਸੇਕੰਕਬੰਕੰਕਸੇਸੂਰਬੀਰੰ॥ਫਲੀਫਲਾਆਲੰਸੁਭੇਤੰਛਤੀਰੰ॥੪੨
੧॥ ਬਿਰਾਜਛੰਦ॥ ਹਕਦੇਬੀਕਰੀਅੰਸਦਭੈਰੋਰਰੀ॥ਚਾਵਡੀਚਿਕਰੀ॥ਡਾਕਣੀਡਕਰੀ॥੪੨੨॥ਪ
ਤਜੁਗਣਭਰੀ॥ਲੁਥਬਿਥੁਰੀ॥ਸਮੁਹੇਸਿਪਰੀ॥ਹੂਹਕ੍ਰਹੰਭਰੀ॥੪੨੩॥ਅਛਰੀਉਛਰੀ॥
ਸਿਧੁਰੇਸਿੰਧਰੀ॥ਮਾਰਮਾਰੰਚਰੀ॥ਬਜਰੰਜਸੁਰੀ॥੪੨੪॥ ਬਿਰਾਜਛੰਦ॥ ਉਨੰਰੰਲੂੰਨੰਰੰ॥
ਲੂਮਰੇਜੂਨਰੰ॥ਬੀਜੀਫੇਤਮਰੀ॥ਤਾਲਣਤੂਬਰੀ॥੪੨੫॥ ਰਸਾਵਲਛੰਦ॥ ਪਰੀਆਰਮਾਰੀ॥

Digitized by Panjab Digital Library | www.panjabdigilib.org

ਮੰਡੇਸਸਤ੍ਰਧਾਰੀ।ਰਣੰਮਾਰਮਾਰੀ।ਤ੍ਰੁਟੇਖੱਗਧਾਰੀ।੪੨੬।ਉਠੇਛਿਛਅਪਾਰੀ।ਬਹੇਸ੍ਰੋਣ
ਧਾਰੀ।ਹਸੈਮਾਸਹਾਰੀ।ਪੀਐਜੋਣਸਿਆਰੀ।੪੨੭।ਗਿਰੇਚਉਰਚਾਰੀ।ਭੁਜੇਏਕਹਾਰੀ
।ਰਣੰਏਕਆਰੀ।ਗਿਰੇਜੂਰਸੁਆਰੀ।੪੨੮।ਚਲੇਏਕਸੁਆਰੀ।ਪਠੇਏਕਬਾਰੀ।ਬਰੇ
ਜੁਧਪਾਰੀ।ਅਨੇਕਾਰੇਹਾਥਿਆਰੀ।੪੨੯।ਕਰੈਏਕਵਾਰੀ।ਲਸੈਖਗਧਾਰੀ।ਉਠੈਅੰਗਿ
ਆਰੀ।ਲਖੈਬਿਓਮਚਾਰੀ।੪੩੦।ਜੁਪੇਜੰਪਵਾਰੀ।ਮੰਡੇਅਸਤ੍ਰਧਾਰੀ।ਕਰੈਮਾਰਮਾਰੀ
।ਇਕੇਕੰਪਚਾਰੀ।੪।੩੧।ਮਹਾਬੀਰਜੁਟੈ।ਸਰੰਸਿਜੁਛੁਟੈ।ਤੜੱਕਾਰਛੁਟੈ।ਝੜੱਕਾਰ
ਉਠੈ।੪੩੨।ਜਰੰਧਾਰਬੁਠੈ।ਜੁਰੇਜੁਧਜੁਠੈ।ਰਣੰਰੋਸਰੂਠੈ।ਇਕੇਏਕਕੂਠੈ।੪੩੩।ਢ
ਲੀਢਲਉਠੈ।ਅਰੰਢਊਜਫੂਟੈ।ਕਿਨੇਜੇਪਠਟੈ।ਚਮਤਕਾਰਉਠੈ।੪੩੪।ਧਕੇਤੇਤੂ
ਮਿਲੁਰੈ।ਗਿਰੇਏਕਉਠੈ।ਰਣੰਫੇਰਿਜੁਟੈ।ਬਹੇਤੇਗਤੁਟੈ।੪੩੫।ਮਚੇਵੀਰਵੀਰੰ।ਧ
ਰੇਵੀਰਵੀਰੰ।ਕਰੈਸਸਤ੍ਰਪਾਤੰ।ਉਠੈਅਸਤ੍ਰਘਾਤੰ।੪੩੬।ਇਤੈਬਾਨਰਾਨੰ।ਉਤੈਕੁੰਭ
ਕਾਨੰ।ਕਰਿਓਜਾਲਪਾਤੰ।ਗਿਰਿਓਵੀਰਭ੍ਰਾਤੰ।੪।੩੭।ਦੋਊਜਾਪਛੂਟੀ।ਰੁ
ਧਧਾਰਛੂਟੀ।ਗਿਰੇਰਾਮਦੇਖੇ।ਬਡੇਦੁਸਟਲੇਖੇ।੪।੩੮।ਕਰੀਬਾਣਬਰਖਾ।ਭਰਿ
ਓਜੇਨਹਰਖੀ।ਹਣੇਬਾਣਤਾਣੰ।ਗਿਰਿਓਕੁੰਭਕਾਨੰ।੪।੩੯।ਭੁਏਦੇਵਹਰਖੀ
ਕਰੀਪੁਹਪਬਰਖਾ।ਜੁਝਿਓਲੋਕਨਾਥੰ।ਹਣੇਭੂਪਮਾਥੰ।੪੪੦॥ਇਤਿਸ੍ਰੀ
ਬਚਿਤ੍ਰਨਾਟਕ ਰਾਮਵਤਾਰਕੁੰਭਕਰਨਬਧਹਿਧਿਆਇਸਮਾਪਤਮਸਤੁਸੁਭਮ
ਸਤੁ।੧੦॥ਅਥਤ੍ਰਿਮੁੰਡ ਜੁਧਕਥਨੰ॥ਰਸਾਵਲਛੰਦ।ਪਠਿਓਜੇਤੀਨਮੁੰਤ੍ਰੰ।ਚਲਿਓਜੇ
ਸੈਨਲੀਨੋ।ਛਿਤੀਛਿਦ੍ਰਜੋਧੰ।ਅਰੇਪਰਮਕ੍ਰੋਧੰ।੪੪੧।ਬਕੇਮਾਰਮਾਰੀ।ਤਜੇਬਾ
ਣਧਾਰੀ।ਹਨੂਮਾਨਕੋਪੰ।ਰਣੰਪਾਵਰੋਪੰ।੪।੪੨।ਅਸੰਛੀਨਲੀਨੋ।ਤਿਸੀ
ਕੰਠਦੀਨੋ।ਹਣਿਓਖਸਟਨੈਣੰ।ਹਸੇਦੇਵਗੈਣੰ।੪।੪੩॥ ॥ਇਤਿਸ੍ਰੀਬਚਿਤ੍ਰਨਾਟਕ
ਰਾਮਵਤਾਰਤ੍ਰਿਮੁੰਡਬਧਹਿਧਿਆਇਸਮਾਪਤਮਸਤੁ।੧੧॥ਅਥਮਹੋਦਰਮੰਤ੍ਰੀਜੁ
ਧਕਥਨੰ।ਸੁਨਿਓਲੋਕਨਾਥੰ।ਹੁਨੇਸਰਬਸਾਥੰ।ਕਰਿਓਮੰਦਪਾਣੰ।ਭੁਰੇਬੀਰਮਾਣੰ।੪੪।ਅਹਿ

ਖੂਆਸਕਰੰਖੈ॥ਸਰਿਧਾਰਬਰੰਖੈ॥ਮਹੋਂਛ੍ਵਾਦਵੀਰੰ॥ਹਠੇਖਗਧੀਰੰ॥੪੪॥ **ਮੋਹਣੀਛੰਦ**
॥ਢਢਲਹਲ੍ਹਸੁਛੋਲੀਛੈਲਾਲੀ॥ਰਣਰੰਗਅਭੰਗਕਲੋਲਾਲੀ॥ਭੁਲਣੀਕੁਸਨੰਦਨਾਂ
ਢੀਰੰ॥ਬਰਣੀਕਸੁਬਜੇਮਜੀਰੰ॥੪੪੬॥ਭਰਣੀਕਸੁਭੇਰੀਘੋਰਾਣੀ॥ਜਨਸ੍ਾਵਣਲਭ੍ਰਾ
ਦੌਮੋਰਾਣੀ॥ਉਛਲੀਏਪਖਰੇਪਾਵੰਰੰ॥ਮਚੇਜੁਝਾਰੇਜੋਧੀਰੰ॥੪੪੭॥ਸਿਧੁਰੀਏਸੂੰਡੀ
ਦੰਤਾਲੇ॥ਨਚੇਪਖਰੀਏਮੁਛਾਲੇ॥ਉਰੜੀਏਸਰਬੈਸੈਣਾਜੀ॥ਦੇਖੰਤੁਸੁਦੇਵੰਰੰਗੋਣਾਜੀ॥
੪੪੮॥ਨਿਲੋਅਣਣੰਣੀਅੰਉਣਣੰ॥ਰਣਉਠੇਬਚੇਸੁਬਾਣੰ॥ਘੇਘੁੰਮੇਘਾਜਅਘਾਜੀ॥ਕੂ
ਆਣੰਰਗੇਅਧੋਅਧਾਜੀ॥੪੪੯॥ਰਿਸਮੰਡੇਛੰਡੇਅਉਛੰਡੇ॥ਹਠਿਹਸੈਕਸੈਕੋਅੰਡੇ॥ਰਿ
ਸਬਾਹੈਗਾਹੈਜੇਧਾਣੀ॥ਰਣਰੋਹੈਜੋਹੈਕ੍ਰੋਧਾਣੀ॥੪੫੦॥ਰਣਰਗਜੇਸਜੇਸਸਤ੍ਰਾਲੇ॥ਧਨੁ
ਕਰਖੈਬਰਖੈਅਸਤ੍ਰਾਲੇ॥ਦਲਬਾਹੈਗਾਹੈਹਥਿਆਰੰ॥ਰਣਅਰੁਣੈਲੁਣੈਲੁਝਾਰੰ॥੪
੫੧॥ਭੁਟਕੁਦੇਛੰਛੇਦੇਚਰਮਾਜੀ॥ਕੂਆਣੰਰਗੇਚਉਰੇਬ੍ਰਮਾਜੀ॥ਉਘੇਜਣੁਨੇਜੇਮਤਵਾਲੇ॥
ਚਲੇਜਿਯੋਗਾਵਲਜਟਾਲੇ॥੪੫੨॥ਹਠੇਨ੍ਰਦਵਰੀਏਹੰਕਾਰੰ॥ਮਚੇਪਖਰੀਏਸੂਰਾਰੰ॥ਅ
ਕ੍ਰੂਰਜੇਵੀਰਿਐਠਾਲੇ॥ਤਨਸੋਹੇਪਤ੍ਰੀਪਤ੍ਰਾਲੇ॥੪੫੩॥ਨਵਨਾਮਕਛੰਦ॥ਤਰਭੁਰਪਰਸ
ਗ॥ਨਿਰਖਤਸੁਰਨਗ॥ਹਰਪੁਰਪੁਰਗ॥ਨਿਰਖਤਬਰਨਗ॥੪੫੪॥ਬਰਖਤੁਸਰਬਰ
॥ਕਰਖਤਧਨੁਕਗ॥ਪਰਹਰਪੁਰਕਗ॥ਨਿਰਖਤਬਰਨਗ॥੪੫੫॥ਸਰਬਰਧਰਕਗ॥
ਪਰਹਰਪੁਰਸਗ॥ਪਰਖਤਉਰਨਗ॥ਨਿਸਰਤਉਹਧਗ॥੪੫੬॥ਉਭਰਤਜੁਝਕਗ॥
ਬਿਭੂਰਤੁਭੁਝਨਗ॥ਹਰਖਤਮਸਹਗ॥ਬਰਖਤਸਿਤਸਗ॥੪੫੭॥ਭੂਰਣਭਰਕਰਕਰ
॥ਤਰਤਰਧਰਹਗ॥ਹਰਬਰਧਰਕਗ॥ਬਿਹਰਤਉਠਨਗ॥੪੫੮॥ਉਚਰਤਜਸਨਰ
॥ਬਿਚਰਤਧਸਿਨਗ॥ਥਰਕਤਨਰਹਗ॥ਬਰਖਤਭੁਅਪਗ॥੪੫੯॥ **ਤਿਲਕੜੀਆ
ਛੰਦ॥** ਚਟਾਕਚੋਟੈ॥ਅਟਾਕਓਟੈ॥ਝਣਕਝਾਣੰ॥ਤਣੰਕਤਾਣੰ॥੪੬੦॥ਢਹਿਰੰਤਢੂਰੀ॥ਬਰੰ
ਤਸੂਰੰ॥ਰਣਕਜੋਧੀ॥ਉਠੰਤਕ੍ਰੋਧੀ॥੪੬੧॥ਪਰੰਤਪਤ੍ਰੀ॥ਤੁਟੰਤਅਤ੍ਰੀ॥ਝਣੰਤਅਗਣੀ॥ਜ
ਲੰਤਜਗਣੀ॥੪੬੨॥ਤੁਟੰਤਖੋਲੀ॥ਜੁਟੰਤਟੋਲੀ॥ਖਿਮੰਤਖਗੀ॥ਉਠੰਤਅਗੀ॥੪੬੩॥ਚਲੰਤ

Digitized by Panjab Digital Library | www.panjabdigilib.org

ਬਾਣੀ॥ਰੁਕੀਦਿਸਾਣੀ॥ਧਧਾਂਤਸਸਤ੍ਰੀ॥ਅਧਾਤਅਸਤ੍ਰੀ॥੪੬੪॥ਖਹੰਤਖਤ੍ਰੀ॥ਨਭਿਤ੍ਰੰਤਅਤ੍ਰੀ॥ਬ੍ਰ
ਣੰਤਬਾਣੀ॥ਖਿਵੈਕ੍ਰਿਪਾਣੀ॥੪੬੫॥ **ਦੋਹਰਾ॥** ਲੁਥਜੁਥਬਿਥੁਰੰਹੀਰਾਵਣਰਾਮਬਿਰੁਧ॥
ਹਤ੍ਯੋਮਹੋਦਰਦੇਖਕਰਹਰਅਰਿਫਿਰਿਯੋਸੁਕ੍ਰੁਧ॥੪੬੬॥ **ਇਤਿਸ੍ਰੀਬਚਿਤ੍ਰਨਾਟਕੇਰਾ
ਮਅਵਤਾਰਮਹੋਦਰਮੰਤ੍ਰੀਬਧਹਿਧਿਆਇਸਮਾਪਤਮਸਤੁ॥੧੩॥ਅਥਇੰਦ੍ਰਜੀ**
ਤਜੁਧਕਥਨੰ॥ਸਿਰਖੰਡੀਛੰਦ॥ਜੁਟੇਵੀਰਜੁਝਾਰੇਧਗਾਵਜੀਆਂ॥ਬਜੇਨਾਦਕਰਾਰੇਦ
ਲਾਂਮੁਸਾਹਦਾ॥ਲੁਝੇਕਾਰਣਜਾਰੇਸੰਘਸੂਰਮੇ॥ਵਠੇਜਾਣੁਡਰਾਰੇਘਣੀਅਰੁਕੇਬਰੀ॥
੪੬੭॥ਵਜੇਸੰਗਲੀਆਲੇਹਾਠਜੁਟੀਆਂ॥ਖੇਤਬਹੇਮੁਛਲੇਕਹਰਤਤਾਰਚੇ॥ਡਿਗੇਵੀ
ਰਜੁਝਾਰੇਹੂਰਾਂਛੁਟੀਆਂ॥ਬਕੇਜਾਣਮਤਵਾਲੇਭੁੰਗਾਖਾਇਕੈ॥੪੬੮॥ਓਰੜੁਆਏਹੰਕਾਰੀ
ਧਗਾਵਾਇਕੈ॥ਵਾਹਿਫਿਰੈਤਰਵਾਰੀਸੂਰੇਸੂਰਿਆਂ॥ਵਗੇਰਤੁਝੁਲਾਗੀਝਾੜੀਕੈਬਰੀ॥
ਪਾਈਧੁਮਲੁਝਾਗੈਰਾਵਣਰਾਮਦੀ॥੪੬੯॥ਚੋਬੀਧਉਸਵਜਾਈਸੰਘਰੁਮਚਿਆ॥ਬ
ਹਿਫਿਰੈਵੈਰਾਈਤੁਰੇਤਤਾਰਚੇ॥ਹੂਰਾਂਚੇਤਬਧਾਈਅੰਬਰਿਪੂਰਿਆ॥ਜੋਧਿਆਦੇਖਣ
ਤਾਈਹੂਲੋਹੋਈਆਂ॥੪੭੦॥ **ਪਾਧੜੀਛੰਦ॥** ਇੰਦ੍ਰਾਰਿਵੀਰਕ੍ਰੁਧਿਓਕਰਾਲ॥ਮੁਕਤੰਤ
ਬਾਣਗਹਿਧਨੁਬਿਸਾਲ॥ਬਰਖੰਤਲੁਥਫਰਕੰਤਬਾਹ॥ਜੁਝੰਤਸੂਰਅਛਰੈਉਛਾਹ॥
੪੭੧॥ਚਮਕੰਤਚਕ੍ਰਬਰਖੰਤਸੇਲ॥ਜੁਮੇਜਟਾਲਜਣਗੰਗਮੇਲ॥ਸੰਘਰੇਸੂਰਆਘਾ
ਇਘਾਇ॥ਬਰਖੰਤਬਾਣ [illegible]
[illegible] ਚਤ੍ਰਚਉਪਚਾਇ॥੪੭੨॥ਸੰਮਿਲੇਸੂਰਆਹੂਰੇਜੰਗ॥ਬਰ
ਖੰਤਬਾਣਬਿਖਧਰਸੁਰੰਗ॥ਨਭਿਤ੍ਰਵੈਅਲੋਪਸਰਬਰਖਧਾਰ॥ਸਭਊਚਨੀਚਕਿੰਨੇਸੁ
ਮਾਰ॥੪੭੩॥ਸਬਸਸਤ੍ਰਅਸਤ੍ਰਬਿਦਿਆਪ੍ਰਬੀਨ॥ਸਰਧਾਰਬਰਖਸਰਧਾਰਚੀਨ॥ਰਘੁ
ਰਾਜਆਦਿਸੋਹੇਸੁਬੀਰ॥ਦਲਸਹਿਤਭੂੰਮਿਡਿਗੇਅਧੀਰ॥੪੭੪॥ਤਬਕਹੀਦੂਤਰਾਵ
ਣਹਿਜਾਇ॥ਕਪਿਕਟਕਆਜੁਜੀਤਿਓਬਨਾਇ॥ਸੀਅਭਜਹੁਆਜੁਹੁਐਕੈਨਿਚੀਤ
॥ਸਿਘਰੇਰਾਮਰਣਇੰਦ੍ਰਜੀਤ॥੪੭੫॥ਤਬਕਹੈਬੈਨਤ੍ਰਿਜਟੀਬੁਲਾਇ॥ਰਣਮਿਤਕਰਮ

Digitized by Panjab Digital Library | www.panjabdigilib.org

ਸੀਤੁਹਦਿਖਾਈ॥ ਲੈਗਈਨਥਜਿਹਗਿਰੇਖੇਤ॥ ਮ੍ਰਿਗਮਾਰਸਿੰਘਜਿਉਸੁਪਤਅਚੇਤ॥੪੭
੬॥ ਸੀਅਨਿਰਖਨਥਮਨਮਹਿਰਿਸਾਨਾ॥ ਦਸਅਉਰਭਾਰਥਿਦਿਆਨਿਧਾਨਾ॥ ਪਵਨੰਲਾਗ
ਮੈਤ੍ਰਸੀਘ੍ਰਗਿਪਾਸਾ॥ ਪਤਭ੍ਰਾਤਜਿਆਇਚਿਤਭਜੋਹੁਲਾਸਾ॥੪੭੭॥ ਸੀਅਗਈਜਰਿਅੰਗ
ਰਾਇਰਮਾ॥ ਦਲਸਹਿਤਭ੍ਰਾਤਜੁਤਪਰਮਧਾਮਾ॥ ਬਜੇਸੁਨਾਦਿਰਗੈਜੇਸੁਬੀਰ॥ ਸਜੇਰਥਿ
ਯਾਰਬਜੇਅਧੀਰ॥੪੭੮॥ ਸਿਮਲੇਸੂਰਸਰਬਰਖਜੁਧਾ॥ ਹਨਸਾਲਤਾਲਬਿਕ੍ਰਾਲਕ੍ਰੁਧਾ॥
ਤਜਿਸੁਧਸੁਧਸਰਮੇਘਧਰਨਾ॥ ਥਲਾਗਿਜੋਨਕੈਭੁਲਾਹੈਮਕਰਨਾ॥੪੭੯॥ ਲਘੁਬੀਰਤੀਰ
ਲਿਕੇਸਆਨਾ॥ ਇਮਕਹੈਬੈਨਤਜਭ੍ਰਾਤਕਾਨਾ॥ ਆਇਹੈਸਜਇਹਘਾਤਹਾਥ॥ ਇੰਦ੍ਰਰਬੀਰ
ਅਰਥਰਪ੍ਰਮਾਥ॥੪੮੦॥ ਨਿਜਮਾਸਕਾਟਿਕਰਕਰਤਹੋਮ॥ ਥਰਹਰਤਭੂਮਅਰਚਕਤਬਿਓਮ
॥ ਤਹਰਾਜੋਰਾਮਭ੍ਰਾਤਾਨਿਸੰਗ॥ ਕਰਧਰੇਧਨਖਕਟਕਾਜਿਨਿਖੀਰਿ॥੪੮੧॥ ਛਿਤੀਸੁਚਿਤ
ਦੇਵੀਪ੍ਰਚੰਡ॥ ਅਰਹਲਿਯੋਬਾਲਕੀਨੋਦੁਖੰਡ॥ ਰਿਪਫਿਰੇਮਾਰਦੁੰਦਭਬਜਾਇ॥ ਉਤਭਜੇ
ਦਈਤਦਲਪਤਜੁਝਾਇ॥੪੮੨॥ ਇਤਿ ਸ੍ਰੀ ਇੰਦ੍ਰਜੀਤ ਬਧਹਿ ਧਿਆਇ ਸਮਾਪਤਮਸਤੁ॥
੧੩॥ ਅਥ ਅਤਕਾਇ ਦਈਤ ਜੁਧ ਕਥਨੰ॥ ਸੰਗੀਤ ਪਾਧਿਸਟਕਾ ਛੰਦ॥ ਕਾਗੜਦੰਗਕੇ
ਪਕੇਦਈਤਰਾਜ॥ ਜਾਗੜਦੰਗਜੁਧੁਕੋਸਰਗਜਿਓਸਾਜ॥ ਬਾਗੜਦੰਗਬੀਰਬਬੋਲੇਅਨਿਤ॥
ਰਾਗੜਦੰਗਰੋਸਰੇਹਦੁਰਿਤ॥੪੮੩॥ ਪਾਗੜਦੰਗਪਰਮਬਾਜੀਪਲਿਤ॥ ਚਾਗੜਦੰਗਚੰ
ਚਨਟਜਿਓਕੁਦਿਤ॥ ਕਾਗੜਦੰਗਕੂਰਕਢੇਹਥਿਯਾਰ॥ ਆਗੜਦੰਗਆਨਬਜੇਜੁਝਾਰ॥
੪੮੪॥ ਰਾਗੜਦੰਗਰਾਮਸੈਨਸਕ੍ਰੁਧ॥ ਜਾਗੜਦੰਗਜੂਨਜੁਟੇਨਜੁਧ॥ ਨਾਗੜਦੰਗਨਿਸਾ
ਚਨਵਸੈਲਸਾਜ॥ ਮਾਗੜਦੰਗਮੂਨਮਕਰਾਛਗਾਜ॥੪੮੫॥ ਆਗੜਦੰਗਇਕਅਤਕਾ
ਇਵੀਰ॥ ਰਾਗੜਦੰਗਰੋਸਦੀਨੋਗਹੀਰ॥ ਆਗੜਦੰਗਇਕਭੁਕੇਅਨੇਕ॥ ਸਾਗੜਦੰਗ
ਸਿਪਬੇਲਬਿਬੇਕ॥੪੮੬॥ ਤਾਗੜਦੰਗਤੀਰਛੁਟੇਅਪਾਰ॥ ਬਾਗੜਦੰਗਬੂੰਦਬਨਦਲ
ਅਨੁਮਾਰ॥ ਆਗੜਦੰਗਅਰਬਦੀਨੀਪ੍ਰਮਾਨ॥ ਚਾਗੜਦੰਗਚਾਰਚੀਟੀਸਮਾਨ॥੪੮੭॥
ਬਾਗੜਦੰਗਬੀਰਬਾਹੁਨੇਨੇਖ॥ ਜਾਗੜਦੰਗਜੁਧਅਤਕਾਇਦੇਖ॥ ਦਾਗੜਦੰਗਦੇਵ

Digitized by Panjab Digital Library | www.panjabdigilib.org

ਜੈਜੈਕਹੰਤਾ॥ਭ੍ਰਾਗੜਦੰਗ॥ਭੂਪਧਨਧਨਭਨੰਤਾ॥੪੮੮॥ਕਾਗੜਦੰਗ॥ਕਹਕਕਾਲੀਕਰਾਲ
॥ਜਾਗੜਦੰਗ॥ਜੂਹਜੁਗਲਾਬਿਸਾਲਾ॥ਭ੍ਰਾਗੜਦੰਗ॥ਭੂਤਭੈਰੋਅਨੰਤਾ॥ਸਾਗੜਦੰਗ॥ਸੋਣ
ਪਾਣਿਕਰੰਤਾ॥੪੮੯॥ਤ੍ਰਾਗੜਦੰਗ॥ਤਉਰਤਕਲਤਹਕਾ॥ਕਾਗੜਦੰਗ॥ਕੂਰਕਾਕਿਕਹੱਕਾ॥ਚਾ
ਗੜਦੰਗ॥ਚਤਚਾਵਡੀਚਿਕਾਗ॥ਭ੍ਰਾਗੜਦੰਗ॥ਭੂਤਤਾਰਤਧਮਾਰ॥੪੯੦॥ਦੋਹਾਛੰਦ॥
ਟੂਟੇਪਰੇਨਵੇਮੁਰੇ॥ਅਸਿਧਰੇਰਿਸਿਕੁਰੇ॥੪੯੧॥ਛੁਟੇਸਰੇਚਕਿਜੋਹਰੇ॥ਭੁਕੀਦਿਸੰ॥
ਚਪੇਕਿਸੰ॥੪੯੨॥ਛੁਟੇਸਰੇ॥ਰਿਸਿਭਰੇ॥ਗਿਰੈਭਟੇ॥ਜਿਮੰਅਟੇ॥੪੯੩॥ਘੁਮੇਘਾਯੰ॥ਭੁਰੇ
ਭ੍ਰਾਯੰ॥ਚਪੇਚਲੇ॥ਭੁਟੇਭਲੇ॥੪੯੪॥ਰਟੇਹਰੇ॥ਰਿਸਿਜਰੇ॥ਭੁਪੇਰਣੰ॥ਘੁਮੇਬ੍ਰਣੰ॥੪੯੫॥
ਗਿਰੇਪਰੇ॥ਲੁਟੇਨਰੇ॥ਸਰਤਛੋ॥ਕਛੰਕਛੋ॥੪੯੬॥ਘੁਮੇਬ੍ਰਣੀ॥ਭ੍ਰਮੇਰਣੀ॥ਲਜਿਫਸੋ॥ਕ
ਟੇਕਸੋ॥੪੯੭॥ਧੁਕੇਧਕੀ॥ਟੁਕੇਟਕੀ॥ਛੁਟੇਸਰੇ॥ਰੁਕੇਦਿਸੰ॥੪੯੮॥ਚੌਪੈਛੰਦ॥ਇਕਇਕ
ਅਰੁਹੇ॥ਇਕਇਕਨਕਹਤੁਕੋ॥ਇਕਇਕਲੈਚਲੇ॥ਇਕਕਹਇਕਉਚਰੈ॥ਇਕਇਕਸ
ਰਬਰਖੇ॥ਇਕਧਨੁਕਰਖਰੋਸਭਰਾ॥ਇਕਇਕਤਰਫਤ॥ਇਕਭਵਸਿੰਧੁਗਏਤਰ॥ਰਣ
ਇਕਇਕਸਾਵਤਭਿੜੇ॥ਇਕਇਕਹੁਐਬਿਸੰਭ੍ਰਲੇ॥ਨਗਇਕਆਨਿਕਸਸਤ੍ਰੁਲਭਿੜੇ॥ਇਕ
ਇਕਅਵਨਿਨਿਵਰੇ॥੪੯੯॥ਇਕਜੂਝਭਟਗਿਰੇ॥ਇਕਬਬਕਤਿਅੰਧਰਣ॥ਇਕਦੇਵਪੁਰ
ਬਸੈ॥ਇਕਕੁਜਚਲਤਧਾਇਬ੍ਰਣ॥ਇਕਜੁਝਉਝੜੇ॥ਇਕਇਵਨੇਨਿਆਸ॥ਇਕਆਨਿ
ਕਬ੍ਰਣਨੂਲੇ॥ਇਕਮੁਕਤਤਬਾਲਕਾਸ॥ਰਣਭੂਮਘੂਮਸਾਵੰਤਮੰਡੇ॥ਦੀਰਘੁਕਾਇਲਛ
ਮਨਪ੍ਰਬਲਾ॥ਥਿਰਰਹੇਬ੍ਰਿਛਉਪਬਨਕਿਧੌਂਜਲਉਤ੍ਰਗਦਿਸਹੁਐਅਚਲਾ॥੫੦੦॥ਅਜ
ਬਛੰਦ॥ਜੁਟੇਵੀਰ॥ਛੁਟੇਤੀਰ॥ਝੁਕੀਢਾਲੀ॥ਹੁਹੈਕਾਲੀ॥੫੦੧॥ਢਕੇਢੋਲ॥ਬਕੇਬੋ
ਲ॥ਕਛੈਮਸਤ੍ਰ॥ਅਛੈਅਸਤ੍ਰ॥੫੦੨॥ਹੂਪੈਗਾਲਿਤ॥ਬੋਧੈਦਲਤ॥ਗਜੇਵੀਰ॥ਤਜੇ
ਤੀਰ॥੫੦੩॥ਰਤੇਨੈਣ॥ਮਤੇਬੈਣ॥ਲੁਮੈਸੂਰ॥ਸੁਨੈਹੂਰ॥੫੦੪॥ਲਗੇਤੀਰ॥ਭਗੇਵੀਰ
॥ਰੋਸਿਰੁਝੇ॥ਅਸਤ੍ਰਜੁਝੇ॥੫੦੫॥ਲੁਮੈਸੂਰ॥ਘੁਮੈਹੂਰ॥ਚਕੇਚਾਰ॥ਬਕੇਮਾਰ॥੫੦੬॥ਭ
ਦੇਬਰਮੰ॥ਛਿਦੇਚਰਮੰ॥ਤੁਟੇਖਰ॥ਉਠੇਅਗ॥੫੦੭॥ਨਚੇਤਾਜੀ॥ਗਜੇਗਾਜੀ॥ਤਿਗੇ

Digitized by Panjab Digital Library | www.panjabdigilib.org

ਵੀਰੰ॥ਤਜੇਤੀਰੰ॥੫੦੭॥ਧਾਏਸੂਰੰ॥ਘੂਮੀਹੂਰੰ॥ਕੱਢੇਬਾਣੀ॥ਅਤਿਮਾਣੀ॥੫੦੮॥ਪਾਧਰੀਛੰਦ॥
ਤੁਹਾਂਤਜੋਘੋਰਆਹਵਅਪਾਰ॥ਰਣਕ੍ਰੁਮਿਸ੍ਰੁਮਜੁਝੇਜੁਝਾਰ॥ਇਤਰਾਮਕ੍ਰੁਤਅਤਕਾਇਉ
ਤ॥ਰਿਸਜੁਝਉਝੇਰਾਜਪੁਤ੍ਰ॥੫੧੦॥ਤਬਰਾਮਕ੍ਰੁਤਅਤਕੀਨਰੋਸ॥ਜਿਮਪਰਤਅਗਨਘ੍ਰਿ
ਤਕਰਤਜੋਸ॥ਗਹਿਬਾਣਪਾਣਤਜੇਅਨੰਤ॥ਜਿਮਜੇਠਸੂਰਕਿਰਣੈਦੁਰੰਤ॥੫੧੧॥ਬ੍ਰਣ
ਆਪਮੰਧਬਾਹਤਅਨੇਕ॥ਬਰਣੈਨਜਾਹਿਕਹਿਏਕਏਕ॥ਉਝੇਬੀਰਜੁਝਾਲਜੁਝਾਰ॥ਜੈ
ਸਬਦਦੇਵਭਾਖਤਪੁਕਾਰ॥੫੧੨॥ਰਿਪਕਾਰਿਜੋਸਸਤ੍ਰਅਸਤ੍ਰਬਿਹੀਨ॥ਬਹੁਸੰਸਤ੍ਰਸਾਸਤ੍ਰ
ਬਿਦਿਆਪ੍ਰਬੀਨ॥ਹਯਮੁਕਟਸੂਤਬਿਨੁਭਿਜੋਗਦਾਰ॥ਕਢੁਚਪੇਚੋਰਜਿਮਬਲਸੰਭਾਰ॥
੫੧੩॥ਰਿਪਹਣੇਬਾਣਬਜ੍ਰੰਵਘਾਤ॥ਸਮਚਲੇਕਾਲਕੀਜੁਆਲਤਾਤ॥ਤਬਕੁਪਿਜੋਬੀਰ
ਅਤਕਾਇਐਸ॥ਜਨਪ੍ਰਲੈਕਾਲਕੋਮੇਘਜੈਸ॥੫੧੪॥ਇਮਕਰਨਲਾਗਲਪਟੇਲਬਾਗ॥
ਜਿਮਜੁਬਣਹੀਣਲਪਟਾਇਨਾਗ॥ਜਿਮਦੇਤਰਹਤਗਹਿਸ੍ਰਿਨਸਮਕ॥ਜਿਮਗਏਬੈਸ
ਬਲਬੀਰਜਰਸਕ॥੫੧੫॥ਜਿਮਦਰਬਹੀਣਕਛੁਕਰਿਬਿਪਾਰ॥ਜਲਸਸਤ੍ਰਹੀਣਭੁ
ਮਿਜੋਜੁਝਾਰ॥ਜਿਮਭੂਪਹੀਣਦੇਸਜਾਪ੍ਰਭਾਵ॥ਜਣਬਾਜਹੀਣਰਥਕੋਚਲਾਵ॥੫੧੬॥
ਤਬਤਮਕਤੇਗਲਛਮਨਉਦਾਰ॥ਤਹਹਣਿਓਸੀਸਕਿਨੋਦੁਫਾਰ॥ਤਬਗਿਰਿਓਬੀਰਅ
ਤਕਾਇਏਕ॥ਲਖਤਾਹਿਸੁਰਭਜੇਅਨੇਕ॥੫੧੭॥ਇਤਿਸ੍ਰੀਬਚਿਤ੍ਰਨਾਟਕੇਰਾਮਵਤਾਰ
ਅਤਕਾਇਬਧਹਿਧਿਆਇਸਮਾਪਤਮਸਤੁ॥੧੪॥ਅਥਮਕਰਾਛਜੁਧਕਥਨੰ॥ਪਾਧ
ਰੀਛੰਦ॥ਤਬਭੁਕਿਓਸੈਨਮਕਰਾਛਆਨ॥ਕਹਜਾਹੁਰਾਮਨਹਿਪੈਹੋਜਾਨ॥ਜਿਨਹ
ਤਿਓਤਾਤਰਣਮੋਅਖੰਡ॥ਸੋਲਰੇਆਨਮੋਸੋਪ੍ਰਚੰਡ॥੫੧੮॥ਇਮਸੁਣਕਬੈਨਰਾਮਵਤਾ
ਰ॥ਗਹਿਸਸਤ੍ਰਅਸਤ੍ਰਕੋਪਿਓਜੁਝਾਰ॥ਬਹੁਬਾਣਤਾਣਤਿਹਹਣੇਅੰਗ॥ਮਕਰਾਛ
ਮਾਰਿਤਾਰਿਓਨਿਸੰਗ॥੫੧੯॥ਜਬਹਤੇਬੀਰਅਰਹਣੀਸੈਨ॥ਤਬਭਜੇਸੂਰਹੁਐਕਰਿ
ਨਿਚੈਨ॥ਤਬਕੁੰਭਅਉਰਅਨਕੁੰਭਆਨ॥ਦਲਰੁਕਿਓਰਾਮਕੋਤਿਜਾਗਕਾਨ॥੫੨੦॥
ਅਜਬਾਛੰਦ॥ਝੂੰਮੇਤਾਜੀ॥ਗਾਜੇਗਾਜੀ॥ਸਜੇਸਸਤ੍ਰੀ॥ਕਢੇਅਸਤ੍ਰੀ॥੫੨੧॥ਛੁਟੇਤਾਣੇ

Digitized by Panjab Digital Library | www.panjabdigilib.org

ਛੂਟੇਬਾਣੰ।। ਰੁਪੇਵੀਰੰ।। ਬੁਠੇਤੀਰੰ।।੫੨੨।। ਘੁਮੇਘਾਯੰ।। ਜੁਮੇਚਾਯੰ।। ਰਜੇਰੋਸੰ।। ਤਜੇਹੋਸੰ
।।੫੨੩।। ਕੰਜੇਸੰਜੰ।। ਪੂਰੇਪੰਜੰ।। ਜੁੰਮੇਖੇਤੰ।। ਡਿਗੇਚੇਤੰ।।੫੨੪।। ਘਘੇਰੀਲੰਕੰ।। ਬੀਰੰਬੰਕੰ।। ਭ
ਜੀਸੈਨੰ।। ਲੱਜੀਨੈਨੰ।।੫੨੫।। ਡਿਗੇਸੂਰੰ।। ਭ੍ਰਿਗੇਨੂਰੰ।। ਬਿਜਾਹੇਹੂਰੰ।। ਕਾਮੈਪੂਰੰ।।੫੨੬।।
ਇਤਿਸ੍ਰੀਬਾਚਿਤ੍ਰਨਾਟਕੇਰਾਮਵਤਾਰਮਕਰਾਛਕੁੰਭਅਨਕੁੰਭਬਧਹਿਧਿਆਇਸਮਾਪ
ਤਮਸਤੁ।।੧੫।। ਅਥਰਾਵਣਜੁਧਕਥਨੰ।। ਹੋਹਾਛੰਦ।। ਸੁਣਿਯੋਇਸੈ।। ਜਿਣਿਜੋਕਿਸੈ।।
ਚੰਕਿਜੋਚਿਤੰ।। ਬੁਲਿਜੋਬਿਤੰ।।੫੨੭।। ਧਿਰਿਜੋਗੜ੍ਹੰ।। ਰਿਸੰਬੜ੍ਹੰ।। ਭੁਜੀਫਿਯੰ।। ਭ੍ਰਮੀਤ
ਫੀ।।੫੨੮।। ਭ੍ਰਮੰਤਿਥੋ।। ਭੁਜੀਸਬੋ।। ਤ੍ਰਿਜੋਇਸੈ।। ਗਹਿਜੋਕਿਸੈ।।੫੨੯।। ਕੈਰੇਹਤੀਅ
ਹੋਦਜੀ।। ਕਰੋਗਈ।। ਛੁਮੈਭਈ।।੫੩੦।। ਸੁਣੀਸੁਤੋ।। ਧੁਨੈਉਤੋ।। ਉਠਿਜੋਹਠੀ।। ਜਿਸੈ
ਛਠੀ।।੫੩੧।। ਰਾਘੁਜੇਨਰੰ।। ਤਜੇਸਰੰ।। ਹਲੇਕਿਸੈ।। ਭੁਕੀਦਿਸੈ।।੫੩੨।। ਇਟਲਲਛੈ
ਦਾ।। ਝਿਲਲਿਲਤੀਰੰ।। ਬਿਲਲਿਲਬੀਰੰ।। ਢਲਲਲਢਲੀ।। ਜਲਲਲਜ੍ਰਲੀ।।੫੩੩
।। ਖਲਲਲਖੋਲੀ।। ਬੁਲਲਲਬੋਲੀ।। ਕੁਲਲਲਰੋਸੈ।। ਜਲਲਲਜੇਸੈ।।੫੩੪।। ਬੁਲਲ
ਲਬਾਜੀ।। ਤਲਲਲਤਾਜੀ।। ਜੁਟਲਲਜੁਟੇ।। ਲੁਟਲਲਲੂਟੇ।।੫੩੫।। ਹਰਲਲਹਾ
ਬੀ।। ਸਰਲਲਸਾਥੀ।। ਕੁਰਲਲਕੁਾਜੇ।। ਲਰਲਲਲਾਜੇ।।੫੩੬।। ਚਰਲਲਚਰਸੀ।। ਬ
ਰਲਲਬਰਸੀ।। ਕਰਲਲਕਾਟੇ।। ਬਰਲਲਬਾਟੇ।।੫੩੭।। ਮਰਲਲਮਾਰੇ।। ਤਰਲਲਤਾਰੇ
।। ਜਰਲਲਜੀਤਾ।। ਸਰਲਲਸੀਤਾ।।੫੩੮।। ਗਰਲਲਗੈਲੀ।। ਅਰਲਲਐਲੀ।। ਹਰਲ
ਲਹੂਰੀ।। ਪੂਲਲਪੂਰੀ।।੫੩੯।। ਬਰਲਲਬਾਜੇ।। ਗਰਲਲਗਾਜੇ।। ਸਰਲਲਸੂਲੇ।। ਜਰ
ਲਲੈਸੂਲੈ।।੫੪੦।। ਝੰਗਤਾਛੰਦ।। ਤਤਤੀਰੰ।। ਬਬਬੀਰੰ।। ਢੱਢਢਾਲੀ।। ਜੁੰਜੰਜੁਆਲੀ।।
੫੪੧।। ਤੁੰਤੰਤਾਜੀ।। ਗਗਗਾਜੀ।। ਮਮਮਾਗੇ।। ਤਤਤਾਗੇ।।੫੪੨।। ਜਜਜੀਤੋ।। ਲੱਜਲੀਤੋ।। ਤਤ
ਤੂਰੰ।। ਛੁਛਛੋਰੰ।।੫੪੩।। ਰਰਰਾਜੇ।। ਗੰਗੰਗਾਜੇ।। ਧੰਧਧਾਜੀ।। ਚੰਚਚਾਜੀ।।੫੪੪।। ਡੰਡ
ਤ੍ਰਿਰੰ।। ਭ੍ਰਗਾਭ੍ਰਿਗੇ।। ਸਸਸ੍ਰੋਣੰ।। ਤਤਤ੍ਰੋਣੰ।।੫੪੫।। ਸਸਸਾਪੇ।। ਬਬਬਾਪੇ।। ਅਅਅੰਗਾ।।
ਜਜਜੇਰਾ।।੫੪੬।। ਕਕਕ੍ਰੋਪੀ।। ਜਜਜੋਪੀ।। ਘਘਘਾਏ।। ਧਧਧਾਏ।।੫੪੭।। ਹਹਹੂਰੰ।।

Digitized by Panjab Digital Library | www.panjabdigilib.org

ਪਪਪੂਰੀ।ਗਗਗੋਰੀ।ਅਅਔਰੀ॥੫੪੮॥ਬਬਬਾਲੀ।ਤਤਤਾਲੀ।ਛਛਛੋਰੀ।ਜਜਜੋਰੀ
॥੫੪੯॥ਬੰਬਬਾਜੇ।ਗੰਗਗਾਜੇ।ਭੁਭੁਭੂਮੀ।ਝੁਝੁਝੂਮੀ॥੫੫੦॥ **ਅਨਾਦ ਛੰਦ॥** ਚਲੇਬਾ
ਣਰੁਕੇਗੈਣ।ਮਤੇਸੂਰਰਤੇਨੈਣ।ਢਕੇਢੋਲਢੁਕੀਢਾਲ।ਛੁਟੇਬਾਣਉਠੇਜ੍ਵਾਲ॥੫੫
੧॥ਭਿਰੇਸੋਣਡਿਗੇਸੂਰ।ਝਮੇਭੂਮਘੂਮੀਹੂਰ।ਬਜੇਸੰਖਸਦੰਗਦ।ਤਾਲਸੰਖਭੇਰੀਨ
ਦ॥੫੫੨॥ਤੁਟੇਤ੍ਰਾਣ।ਫੁਟੇਅੰਗ।ਜੁਝੇਵੀਰਅਰੁਝੇਜੰਗ।ਅਚੇਸੂਰਨਚੀਹੂਰ।ਮਤੀਧੂ
ਮਭੂਮੀਪੂਰ॥੫੫੩॥ਉਠੇਅਧਬਧਕਮਧ।ਪਖਰਰਾਗਖੋਲਸਨਧ।ਛੁਕੇਛੋਭਛੁਟੇ
ਕੇਸ।ਸਿਧਰਸੂਰਸਿਪਨਭੇਸ॥੫੫੪॥ਟਟਰਟੀਕਟੂਟੇਟੋਪ।ਭਗੇਭੂਪਭੰਨੀਧੋਪ।ਘੁਮੇ
ਘਾਇਝੁਮੀਭੂਮ।ਅਝੂਝਾਝੂਧੂਮਧੂਮ॥੫੫੫॥ਬਜੇਨਾਦਬਾਦਅਪਾਰ।ਸਜੇਸੂਰ
ਵੀਰਜੁਝਾਰ।ਜੁਝੇਟੂਕਟੂਕਹ੍ਵੈਖੇਤ।ਮਤੇਮਦਜਾਣਅਚੇਤ॥੫੫੬॥ਛੁਟੇਸਸਤ੍ਰਅ
ਸਤ੍ਰਅਨੰਤ।ਰਿਗੇਰਿਗਭੂਮਦੁਰੰਤ।ਖੁਲੇਅੰਧਧੁੰਧਹਥਿਯਾਰ।ਬਕੇਸੂਰਵੀਰਬਿਕ੍ਰਾ
ਰ॥੫੫੭॥ਬਿਥਰੀਲੁਥਜੁਥਅਨੇਕ।ਮਚੇਕੋਟਭਗੇਏਕ।ਹਸੇਭੂਤਪ੍ਰੇਤਮਸਾਣ।ਭੁਝੇ
ਜੁਝੇਕ੍ਰਿਪਾਣ॥੫੫੮॥ **ਬਹੜਾ ਛੰਦ॥** ਅਪਕ੍ਰੋਸਕਰਰਾਜਪਖਰੀਆਧਾਵਹੀ।ਰ
ਮਰਾਮਬਿਨੁਸੰਕਪਚਾਰਤਆਵਹੀ।ਰੁਝਜੁਝਝੜਪੜਤਭਜਾਨਕਭੂਮਪਗ।ਰਮਛਿਦ
ਕੇਹਾਥਗਏਭਵਸਿੰਧਤਰ॥੫੫੯॥ਜਿਮਅਟਸਾਰਸਰੀਰਹੈਸਮੁਹਹੁਐਜੁਝਹੀ।ਟੂਕਟੂਕ
ਹੁਐਗਿਰਤਨਪਾਰਕਦੁਭੂਝਹੀ।ਖੰਡਖੰਡਹੁਇਗਿਰਤਖੰਡਧਨਖੰਡਰਨ।ਤਨਕਤਨ
ਕਲਗਜਾਹਿਅਸਨਕੀਧਾਰਤਨ॥੫੬੦॥ **ਸੰਗੀਤ ਬਹੜਾ ਛੰਦ॥** ਸਾਗੜਦੀਸਾਂਗਸੰ
ਗ੍ਰਹੈਤ੍ਰਾਗੜਦੀਰਣਤੁਰੇਨਚਵੈ।ਝਾਗੜਦੀਝੂਮਿਗਿਰਭੂਮਿ।ਸਾਗੜਦੀਸੁਰਗਹਿਸਿ
ਧਾਵੈ॥ ਆਗੜਦੀਅੰਗਹੁਐਭੰਗ।ਆਗੜਦੀਆਹਵਮਧਿਗਿਰਹੀ।ਹੋਬਾਗੜ
ਦੀਵੀਰਬਿਕ੍ਰਾਰ।ਸਾਗੜਦੀਸੋਣਤਨਭਿਰਹੀ॥੫੬੧॥ਰਾਗੜਦੀਰੋਸਰਿਪਰਾਜ
ਲਾਗੜਦੀਲਛਮਨਪੈਧਾਯੋ।ਕਾਗੜਦੀਕ੍ਰੋਪਤਨਕਾਨ੍ਹੈਜੋਪਾਗੜਦੀਹੁਐਪਵਨਸਿ
ਧਾਯੋ।ਆਗੜਦੀਅਨਜਉਰਤਾਕਪਾਪਨਦੀਗਹਿਧਾਇਪ੍ਰਹਾਰਿਯੋ।ਝਾਗੜਦੀ

Digitized by Panjab Digital Library | www.panjabdigilib.org

ਸ੍ਰੀਅਭੂਮਿਗਿਰਿਜੋਸਾਰਾਗਨਦੀਸੂਤਬੈਰਉਤਾਰਿਯੋ॥੫੬੨॥ਚਾਰਾਗਨਦੀਚਕਿਚਾਵੰਡੀ
ਡਾਗਨਦੀਡਾਕਲਡਕਾਰੀ॥ਭਾਗਨਦੀਭੂਤਭੁਰਹਰੇਰਾਗਨਦੀਰਣਰੋਸਪ੍ਰਜਾਰੀ॥ਆ
ਗਨਦੀਮੂਰਛਭਯੋਲਾਗਨਦੀਲਛਮਨਰਣਜੁਝਿਯੋ॥ਜਾਗਨਦੀਜਾਣਜੁਨਗ
ਯੋਰਾਗਨਦੀਰਘੁਪਤਾਇਮਬਖਾਨਿਯੋ॥੫੬੩॥ ਇਤਿਸ੍ਰੀਬਚਿਤ੍ਰਨਾਟਕੇਰਾਮਅਵਤਾਰਲਛ
ਮਨਮੂਰਛਨਾਭਵੇਤਧਿਆਇਸਮਾਪਤਮਸਤੁ॥੧੬॥ਸੰਗੀਤਬਹੜਾਛੰਦ॥ ਕਾਗਨ
ਦੀਕਟਕਕਪਿਭਾਜਿਯੋਲਾਗਨਦੀਲਛਮਨਜੁਝਿਯੋਜਬ॥ਰਾਗਨਦੀਰਾਮਰਿਸਿਭ
ਰਿਯੋਸਾਗਨਦੀਗਹਿਅਸਤ੍ਰਸਸਤ੍ਰਸਭ॥ਧਾਗਨਦੀਧਉਲਧਨੁਹਾਥਜੋਕਾਗਨਦੀ
ਕੋਪਕੈਕਰਖਿਯੋ॥ਭਾਗਨਦੀਭੂਮਕੁਨਹਨੀਪਾਗਨਦੀਜਨੁਪ੍ਰਲੈਪਲਟਿਯੋ॥੫੬੪॥
ਅਰਧਨਰਾਜਛੰਦ॥ ਕਢੀਸੁਤੇਗਦੁਧਰੀ॥ਅਨੂਪਰੂਪਸੁਭਰੀ॥ਭਕਾਰਭੇਰਭੈਕਰੀ॥ਬ
ਕਾਰਬੀਰਦੋਬਰੀ॥੫੬੫॥ਬਚਿਤ੍ਰਚਿਤ੍ਰਤੇਸਰੀ॥ਭਜੰਤਕ੍ਰੀਖਣੋਨਰੀ॥ਪਰੰਤਸ੍ਰੋਣਤੰਭ
ਟੀਜਣੀਕਿਸਾਵਣੋਪ੍ਰਟੀ॥੫੬੬॥ਘੁਮੰਤਆਘਊਘਜੀ॥ਬਦੰਤਬਕਤ੍ਰਤੇਜਜੀ॥ਚਲੰਤ
ਤ੍ਰਿਜਾਰਤੇਤਨੀ॥ਭੁਲੰਤਦੇਵਤਾਪਨੀ॥੫੬੭॥ਛੁਟੰਤਤੀਰਤੀਖਣੀ॥ਬਜੰਤਭੇਰਭੀਖਣੀ॥
ਉਠੰਤਰਾਗਸਦਣੀ॥ਮਮਤਜਾਲਮਦਣੀ॥੫੬੮॥ਕਰੰਤਚਾਚਰੋਚਰੀ॥ਨਚੰਤਨ੍ਰਿਤਲੋ
ਹਰੀ॥ਪ੍ਰਅੰਤਪਾਰਬਤੀਸਿਰੀ॥ਹਸੰਤਪ੍ਰੇਤਣੀਛਿਰੀ॥੫੬੯॥ ਅਨੂਪਨਰਾਜਛੰਦ॥ਡ
ਕੇਤਡਾਕਲੀਡੁਲੀ॥ਭ੍ਰਮੰਤਬਾਜਕੁੰਡਲੀ॥ਰਣੰਤਬੀਰਦੇਲੀਗ੍ਰਿਤੀ॥ਬਦੰਤਮਾਗਧੇਜ
ਧੀ॥੫੭੦॥ਢਲੰਤਢਾਲਉਢਲੀ॥ਖਿਮੰਤਤੇਗਨਿਰਮਲੀ॥ਚਲੰਤਰਾਜਵੰਸਰੀ॥ਪਧਾ
ਤਉਰਵੀਅੰਨਰੀ॥੫੭੧॥ਭਜੰਤਆਸੁਰੀਸੁਤੀ॥ਕਿਲੰਕਬਾਨਰਾਪੁਰੀ॥ਬਜੰਤਤੀਰਭੁ
ਪਕੀ॥ਉਠੰਤਦਾਰੁਣੋਸੁਰੇ॥੫੭੨॥ਭਭੁਕਭੂਤਭੈਕਰੀ॥ਚਚਕਚਉਦਲੋਚਕੋ॥ਤਤ
ਖਪਖਰੇਤੁਰੇ॥ਬਜੇਨਿਨਦਾਸੰਧਰੇ॥੫੭੩॥ਉਠੰਤਭੈਕਰੀਸੁਰੇ॥ਮਚੰਤਜੋਧਣੋਜੁਧੇ
॥ਖਿਮੰਤਉਜਲੀਅਸੀ॥ਬਬਰਖਤੀਖਣੋਸਰੀ॥੫੭੪॥ ਸੰਗੀਤਭੁਜੰਗਪ੍ਰਯਾਤਛੰਦ॥
ਜਾਗਨਦੇਗਜੁਝਿਯੋਕਾਗਨਦੇਗਕ੍ਰੁਤੀ॥ਰਾਗਨਦੇਗਰਾਮੰਤਾਗਨਦੇਗਤਾਤੀ॥ਬਾਰ

Digitized by Panjab Digital Library | www.panjabdigilib.org

ਨ੍ਹਦੇਗ ਬਾਣੰਛਾਗਨ੍ਹਦੇਗਛੋਗੋਆਗਨ੍ਹਦੇਗਆਕਾਸਤੇ ਜਾਨੈਓਰੋ॥੫੭੫॥ਬਾਗਨ੍ਹ
ਦੇਗਬਾਜੀਰਥੀ ਬਾਣੁਕਾਟੋ॥ਗਾਗਨ੍ਹਦੇਗਗਾਜੀਗਜੀਵੰਰਤਾਟੋ॥ਆਗਨ੍ਹਦੇਗਆ
ਰੇਸਾਗਨ੍ਹਦੇਗਸੂਰੋ॥ਬਾਗਨ੍ਹਦੇਗਬਿਜਾਹੈਹਾਗਨ੍ਹਦੇਗਹੂਰੋ॥੫੭੬॥ਜਾਗਨ੍ਹਦੇਗ
ਜੀਤਾਖਾਗਨ੍ਹਦੇਗਖੇਤੋ॥ਕ੍ਰਾਗਨ੍ਹਦੇਗਕ੍ਰਾਗੋਕਾਗਨ੍ਹਦੇਗਕੇਤੋ॥ਸਾਗਨ੍ਹਦੇਗਸੂਰਾਨ
ਜੂਆਨਪੇਖਾ॥ਪਾਗਨ੍ਹਦੇਗਪ੍ਰਾਨਨਤੇਪ੍ਰਾਨਲੇਖਾ॥੫੭੭॥ਚਾਗਨ੍ਹਦੇਗਚਿੰਤੁ॥ਪਾਗਨ੍ਹਦੇ
ਗਪ੍ਰਾਜੀ॥ਸਾਗਨ੍ਹਦੇਗਸੈਨਾ॥ਲਾਗਨ੍ਹਦੇਗਲਾਜੀ॥ਸਾਗਨ੍ਹਦੇਗਸੁਕ੍ਰੀਵਤੇਆਦਿ
ਲੈਕੈ॥ਕਾਗਨ੍ਹਦੇਗਕੋਪੇਤਾਗਨ੍ਹਦੇਗਤੈਕੈ॥੫੭੮॥ਹਾਗਨ੍ਹਦੇਗਹਨੂਕਾਗਨ੍ਹਦੇਗ
ਕੋਪਾ॥ਬਾਗਨ੍ਹਦੇਗਬੀਰਾਨਸੋਪਾਦਵੋਪਾ॥ਸਾਗਨ੍ਹਦੇਗਸੂਰਿਹਾਗਨ੍ਹਦੇਗਹਾਰੋ॥ਤਾ
ਗਨ੍ਹਦੇਗਤੈਕੈਹਨੂਤਉਪ੍ਰਕਾਰੋ॥੫੭੯॥ਸਾਗਨ੍ਹਦੇਗਸੁਨਹੋਰਾਗਨ੍ਹਦੇਗਰਾਮੀਦਾ
ਗਨ੍ਹਦੇਗਦੀਜੈਪ੍ਰਾਗਨ੍ਹਦੇਗਪਾਨੋ॥ਪਾਗਨ੍ਹਦੇਗਪੀਠਿਠਾਗਨ੍ਹਦੇਗਠੋਕੋ॥ਹਰੋਆਜ
ਪਾਨਸੁਰਮੋਹਲੋਕੋ॥੫੮੦॥ਆਗਨ੍ਹਦੇਗਐਸੇਕਹਿਜੋਅਉਤ੍ਰਾਨੋ॥ਗਾਗਨ੍ਹਦੇਗ
ਗੈਨਿਮਾਲਿਯੋਮਧਮਾਨੋ॥ਰਾਗਨ੍ਹਦੇਗਰਾਮੈਆਗਨ੍ਹਦੇਗਆਸੀ॥ਬਾਗਨ੍ਹਦੇਗਬੈ
ਠਿਨਾਗਨ੍ਹਦੇਗਨਿਰਾਸੀ॥੫੮੧॥ਆਗਨ੍ਹਦੇਗਆਗੇਕਾਗਨ੍ਹਦੇਗਕੋਊ॥ਆਗਨ੍ਹਦੇਗ
ਮਾਰੇਸਾਗਨ੍ਹਦੇਗਜੋਊ॥ਨਾਗਨ੍ਹਦੇਗਨਾਕੀਤਾਗਨ੍ਹਦੇਗਤਾਲੀ॥ਆਗਨ੍ਹਦੇਗਔਰਬਾ
ਗਨ੍ਹਦੇਗਬਿਸਾਲੀ॥੫੮੨॥ਆਗਨ੍ਹਦੇਗਏਕੈਦਾਗਨ੍ਹਦੇਗਦਾਨੋ॥ਚਾਗਨ੍ਹਦੇਗਚੀ
ਰਾਦਾਗਨ੍ਹਦੇਗਦੂਰਾਨੋ॥ਦਾਗਨ੍ਹਦੇਗਦੇਖੀ॥ਬਾਗਨ੍ਹਦੇਗਬੂਟੀ॥ਆਗਨ੍ਹਦੇਗਹੈ
ਏਕਤੇਏਕਜੁਟੀ॥੫੮੩॥ਚਾਗਨ੍ਹਦੇਗਚਉਕਾਹਾਗਨ੍ਹਦੇਗਹਨਵਤਾ॥ਜਾਗਨ੍ਹਦੇ
ਗਜੋਧਮਹਾਤੇਜਵਤਾ॥ਆਗਨ੍ਹਦੇਗਉਖਾਰਾਪਾਗਨ੍ਹਦੇਗਪਹਾਰੋ॥ਆਗਨ੍ਹਦੇਗ
ਲੈਅਉਖਧੀਕੋਸਿਧਾਰੋ॥੫੮੪॥ਆਗਨ੍ਹਦੇਗਆਏਜਹਾਰਾਮਖੇਤੋ॥ਬਾਗਨ੍ਹਦੇਗ
ਬੀਰਿਜਹਾਤੇਅਚੇਤੋ॥ਬਾਗਨ੍ਹਦੇਗਬਿਸਾਲਿਜਮਾਗਨ੍ਹਦੇਗਮੁਖੀ॥ਤਾਕਨ੍ਹਦੇ
ਗਦੇਗਤਾਰੀਸਾਗਨ੍ਹਦੇਗਸੁਖੀ॥੫੮੫॥ਜਾਗਨ੍ਹਦੇਗਜਾਰੇਸਾਗਨ੍ਹਦੇਗਸੂਰੀ॥

Digitized by Panjab Digital Library | www.panjabdigilib.org

ਧਾਧਗਨ੍ਹਦੇਗਧਾਮਸ਼ੀਹਾਗਨ੍ਹਦੇਗਹੂਰੀ।ਛਾਗਨ੍ਹਦੇਗਛੂਟੇਨਗਨ੍ਹਦੇਗਨਦੀ।ਬਾਗਨ੍ਹਦੇਗ
ਬਾਜੇਨਗਨ੍ਹਦੇਗਨਦੀ॥੫੮੬॥ਤਾਗਨ੍ਹਦੇਗਤੀਰਿਛਾਂਗਨ੍ਹਦੇਗਛੂਟੇ।ਗਾਗਨ੍ਹਦੇਗਗਾ
ਜੀਜਾਗਨ੍ਹਦੇਗਜੂਟੇ।ਖਾਗਨ੍ਹਦੇਗਖੇਤੇਸ਼ਾਗਨ੍ਹਦੇਗਸ਼ੋਏ।ਧਾਗਨ੍ਹਦੇਗਤੇਧਾਕਸਾਹੀ
ਦਹੋਏ॥੫੮੭॥ ਕਲਸ॥ ਮਚੇਸੂਰਬੀਰਬਿਕਰਾਰੇ।ਨਚੇਕੁਤਪ੍ਰੇਤਕੁਤਾਰੇ।ਮ੍ਰਿਮਲ
ਸਤਕੋਟਿਕਰਵਾਰੇ।ਸੂਲਹਲੀਤਉਜੈਨਅਸਧਾਰੇ॥੫੮੮॥ ਤ੍ਰਿਭੰਗੀਛੰਦ॥ ਉਜਲ
ਅਸਧਾਰੇਲਸਤਅਪਾਰੇਕਰਲਲਸਾਰੇਛਬਿਧਾਰੇ।ਸੋਭਤਜਿਮੁਆਰੇਅਤਛਬਿਧ
ਰੇਸੋਬਿਧਸੁਧਾਰੇ।ਜੈਧਈਦਾਤੀਮਾਤੀਸੇਨੈਰਾਤੀਜੈਕਰਣੀ।ਦੁਜਨਦਲਹੀਣੀਅਛਲ
ਜਯੰਤੀਕਿਲਵਿਖਹੰਤੀਭੈਹਰਣੀ॥੫੮੯॥ ਕਲਸ॥ ਕੁਰਹਰੰਤਬਜੰਤਰਲਸੂਰੀ।ਖਰ
ਹਰਕਰਤਲੋਹਤਨਪੂਰੀ।ਤੰਨਕਤਨਬਜੰਤਬਲਅਰਕੂਰੀ।ਘੁਮੀਪੇਖਸੁਭਟਰਨਹੂਰੀ॥੫
੯੦॥ ਤ੍ਰਿਭੰਗੀਛੰਦ॥ ਘੁਮੰਰਨਹੂਰੇਨਭੁਜਪੂਰੇਲਖਲਖਸੂਰੇਮਨ [illegible]
ਮੋਹੀ।ਆਰਣਤਨਬਾਲੇਛਬਿਅਪਮਾਣੇ [illegible] ਅਣਦਤਖਾਣੇਤਨਸੋਹੀ।
ਕਾਛਨੀਸੁਰੰਗੀਛਬਿਅੰਗਅੰਗੀਲਜਤਅਨੰਗੀਲਖਰੂਪੀ।ਸਾਏਕਾਇੰਗਹਰਣੀ
ਕਮਾਤਿਪ੍ਰਜਰਣੀਬਰਬਰਬਰਣੀਬਧਕੁਪੀ॥੫੯੧॥ ਕਲਸ॥ ਕੰਲਬਦਨਸਾਏਕ
ਮ੍ਰਿਗਨੈਣੀ।ਰੂਪਰਾਸਸੁੰਦਰਪਿਕਬੈਣੀ।ਮ੍ਰਿਗਪਤਕਟਛਜਤਗਜਗੋਣੀ।ਨੈ
ਨਕਟਾਛਮਨਹਿਹਰਲੈਣੀ॥੫੯੨॥ ਤ੍ਰਿਭੰਗੀਛੰਦ॥ ਸੁੰਦਰਮ੍ਰਿਗਨੈਣੀਸੁਗੰਧਕਬੇ
ਣੀਚਿਤਹਰਲੈਣੀਗਜਗੋਣੀ।ਸ਼ਾਧੁਰਿਬਿਧਬਦਨੀਸ਼ ਬਧਨਸਦਨੀਕੁਮਾਤਨਕਣ
ਨੀਛਬਿਮੈਣੀ।ਅੰਗਕਾਸੁਰੰਗੀਨਟਵਰਰੰਗੀਸ੍ਵਾਉਤੰਗੀਪਗਧਾਰੀ।ਬੇਸਰਗਾਜ
ਰਾਰੇਪਹੁਚੇਅਪਾਰੇਕਾਰੇਧੁਧਰਾਰੇਅਹਾਰੀ॥੫੯੩॥ ਕਲਸ॥ ਚਿਬਕਚਾਰਸੁੰਦਰ
ਛਬਿਧਾਰੀ।ਠਉਰਠਉਰਮੁਕਤਨਕੇਹਾਰੀ।ਕਰਕੇਗਨਧਵਚੀਉਜੀਆਰੀ।ਨਿਰਖ
ਮਦਨਦੁਤਹੋਤਸੁਮਾਰੀ॥੫੯੪॥ ਤ੍ਰਿਭੰਗੀਛੰਦ॥ ਸੋਭਤਛਬਿਧਾਰੇਕਛੁਧੁਧਰਾਰੇਰਸ
ਨਿਰਸਾਰੇਉਜੀਆਰੀ।ਪਹੁਚੀਗਜਰਾਰੇਸੁਬਿਧਸੁਧਾਰੇਮੁਕਤਾਨਿਹਾਰੇਉਰਧਾਰੀ।ਸੋ

ਅਗਿਗਾਰਿ
ਮਦਨ

Digitized by Panjab Digital Library | www.panjabdigilib.org

ਹਤਚਖਚਾਰਿਰੰਗਰੰਗਾਰਿਬਿਬਿਧਪ੍ਰਕਾਰਿਆਨਿਆਜੋ॥ਬਿਖਧਰਗਿਮ੍ਰਗਜੈਸੇਜਲਜਨ
ਦੈਸੇਸਸੀਅਰਜੈਸੇਸਰਆਜੋ॥ ੫੯੫॥ ਕਲਸ॥ ਭੂਜੋਮੂਨ੍ਹਰਾਵਨਰਨਕ੍ਰੂਧੀ॥ਆਦਿ
ਜੋਆਨਤੁਮਲਜਬਜੁਧੀ॥ਜੁਤ੍ਰੈਸਕਲਸੂਰਮਾਸੁਧੀ॥ਅਰਦਲਮਾਧਿਸਬਾਦਿਕਰਿਉ
ਧੀ॥ ੫੯੬॥ ਤ੍ਰਿਭੰਗੀ ਛੰਦ॥ ਧਾਜੋਕਰਕ੍ਰੂਧੰਸੁਕ੍ਰਦਾਬਿਰੁਧੰਗਾ॥ਜਿਤਸਬ੍ਰਧੰਗਾਹਿਬਾਨੋ॥
ਕੀਨੋਰਨਸੁਧੰਨਚਤਕਬ੍ਰਧੰਉਠਤਧੂਨਸੁਧੰਧਨੁਬਾਨੋ॥ਧਾਏਰਜਵਾਰੇਦੂਧਰਹਕਾਰੇ
ਸੁਬਿਨਪ੍ਰਹਾਰੇਕਰਕੋਪੀ॥ਧਾਏਨਤਨਰਜੇਦੂਧਗਨਕ੍ਰਜੇਜਨਹਰਗੰਜੇਪਗਰੋਪੀ॥ ੫੯
੭॥ ਕਲਸ॥ ਆਪਿਕਰੋਸਧਾਵੰਤਠਨਜੁਟੇ॥ਬਖਤਰਟੋਪਜਿਰੰਸਬਫੂਟੇ॥ਨਿਸਰਚਲੇ
ਸਾਇਕਜਨਛੂਟੇ॥ਜਨਕਾਸੇਚਨਮਾਸਲਖਿਦੂਟੇ॥ ੫੯੮॥ ਤ੍ਰਿਭੰਗੀ ਛੰਦ॥ ਸਾਇਕ
ਜਨਛੂਟੇਤਿਮਅਰਿਜੁਟੇਬਖਤਰਫੂਟੇਜੇਬਜਿਰੇ॥ਮਸਿਹਰਕ੍ਰਖਿਆਏਤਿਮਅਰ
ਧਾਏਸਸਤ੍ਰਨਚਾਏਨੇਫਿਰਿਫਿਰੇ॥ਸਨਮੁਖਰਨਗਜੇਕਿਮਹੂਨਭਜੇਲਖਿਸੁਰਲ
ਜੇਰਨਰੰਗਾ॥ਜੈਜੈਧੁਨਕਰਹੀਪੁਹਪਨਡਰਹੀਸੁਬਿਧਉਚਰਹੀਜੈਜੈਗਾ॥ ੫੯੯॥ ਕ
ਲਸ॥ ਸੂਖਤਬੋਰਅਰੂਰਿਗਸੂਰੇ॥ਨਿਰਖਿਰਕ੍ਰਮਤਕ੍ਰਮਿਉਹਿਜੈਗਾ॥ਲਿਪਤਮਲੋਘ
ਨਸਾਰਸੂਅੰਗਾ॥ਭੂਪਵਨਗਾ॥ਤਿਵਨਉਤੁਰੰਗਾ॥ ੬੦੦॥ ਤ੍ਰਿਭੰਗੀ ਛੰਦ॥ ਤਨਸੁਭੰਤਸੁਰੇਰੀਛ
ਬਿਅੰਗਅੰਗੀਲਜਤਅਨੰਗੀਲਖਿਨੈਨੋ॥ਸੋਕੁਤਕਚਕਾਰੇਆਤਿਪ੍ਰਘਰਾਰੇਰਸਨਰ
ਸਾਰੇਮਿਦਬੈਨੋ॥ਮੁਖਿਛਕਤਸੁਬਾਸੀਦਿਨਿਪ੍ਰਕਾਸੀਜਨੁਸਸਿਭਾਸੰਤਸਸੋਭੀ॥ਰੀਝ
ਤਚਖਚਾਰਿਸੁਰਪੁਰਿਪਯਾਰੇਦੇਵਦਿਯਾਰੇਲਖਿਲੋਭੀ॥ ੬੦੧॥ ਕਲਸ॥ ਰੋਦ੍ਰਹਸਏਕ
ਕਰਧਾਰੀ॥ਦੂਤੀਆਧੋਪਗਾਹਿਤ੍ਰਿਤੀਕਟਾਰੀ॥ਚਤੁਥਹਾਥਸੋਹਥੀਉਜੀਆਰੀ॥ਗੋ
ਫਨਗੁਰਜਕਰਤਚਮਕਾਰੀ॥ ੬੦੨॥ ਤ੍ਰਿਭੰਗੀ ਛੰਦ॥ ਪਟਾਹਿਸੰਭਾਰੀਗਦਹਿਉਭਾਰੀ
ਤ੍ਰਿਸੂਲਸੁਧਾਰੀਛੁਰਿਕਾਰੀ॥ਜੋਬ੍ਰਦਅਰਬਾਨੰਸੁਕਾਸਿਕਮਾਨੰਚਰਮਅਪ੍ਰਮਾਨੰਧ
ਰਭਾਰੀ॥ਪੰਚ੍ਰਦੇਗਲੋਲੰਪਾਸਅਮੋਲੰਪਰਮਅਡੋਲੰਹਥਨਾਲੀ॥ਬਿਛੂਆਪਹਰਾਏ
ਪਟਾਕ੍ਰਮਾਯੇਜਿਮਜਮਧਾਯੇਬਿਕਰਾਲੀ॥ ੬੦੩॥ ਕਲਸ॥ ਸਿਵਸਿਵਸਿਵਮੁਖਏਕ

Digitized by Panjab Digital Library | www.panjabdigilib.org

ਉਚਾਰੀ॥ਦੂਤੀਆਪ੍ਰਭ੍ਰਾਤਾਨੂਕੀਨਿਹਾਰੀ॥ਤ੍ਰਿਤੀਆਇੰਦ੍ਰਸਤ੍ਰਸੂਕ੍ਰਪਚਾਰੀ॥ਚਤ੍ਰਥਕ
ਰਤਮਾਰਹੀਆਰੀ॥੬੦੪॥ਤ੍ਰਿਭੰਗੀਛੰਦ॥ਪਚਏਹਨਵੰਤੈਲਖਿਦੂਤਿਮੰਤਿਸੁਬਲਦੂਰੀ
ਤੈਤਾਜਿਕਾਲਿਨੈਛੂਟਏਲਖਭ੍ਰਾਤਤਕਤਕਪਾਤੈਲਗਾਤਨਘਾਤੈਜੀਅਜਲਿਓ॥ਸਤਏ
ਲਖਿਰਘੁਪਾਤਿਕਪਿਦਲਅਧਪਾਤਿਸ੍ਰਕਟਾਬਿਕਟਮਤਜੁਤਭ੍ਰਾਤੇ॥ਅਠਿਓਸਿਰਛੋਰੈਨ
ਵਿਮਿਨਹੋਰੈਦਸਜਨਬੈਰੈਰਿਸਰਾਤੇ॥੬੦੫॥ਚਬੋਲਾਛੰਦ॥ਧਾਇਮਹਾਬੀਰਸਾਧੇਸਿ
ਤੈਤੀਰਕਾਛੇਰਣੇਚੀਰਬਾਨਸੁਹਾਏ॥ਰਵਕਰਧਮਰਕਬੁਜਲੇਤੇਜਾਇਮਸਬਚੂਨੈਦ
ਅਜਦਹੋਉਮਿਆਜੋਗਆਹੋ॥ਤ੍ਰਿਨੈਆਏਈਹਾਬੁਲੈਬੈਲਕੀਹਾਕਰੈਧਾਇਜੀਹਾ
ਕ੍ਰਿਨੈਕ੍ਰੈਨਭ੍ਰਜੋ॥ਪੀਯੇਪੇਸਤ੍ਰਨੈਭ੍ਰਛੋਰਾਬਤ੍ਰੀਨੈਕਹਾਛੈਅਲੀਰੋਧਲੀਨੈਨਿਹਾਰੇ॥੬੦
੬॥ਗਾਜੇਮਹਾਸੁਰਘੁਬੀਰਣੇਚੂਰਭ੍ਰਮੀਨਭ੍ਰੈਪੂਰਬੇਖੈਅਨੂਪੀਵਲੇਵਲਸਾਈਜੀਵੀਜ
ਗਾਤ੍ਰਾਈਤੈਰੇਪੌਲੀਜਾਈਅਲਾਵੀਤਐਸੋ॥ਲਗੇਲਾਗਿਥਾਨੇਬਰੋਰਾਜਮਾਨੇਕਹੋਅਉ
ਰਕਾਨੇਹਠੀਛਾਤੈਥੇਸੋ॥ਬਰੋਆਨਮੋਕੇਭ੍ਰਜੋਆਨਤੇਕੇਚਲੇਦੇਵਲੋਕੇਤਜੇਥੇਗਲੀਕਾ
॥੬੦੭॥ਸਵੈਯਾ॥ਅਨੰਤਤੁਕਾਰੇਸਕ੍ਰਰਿਜੇਤਜਹੋਸਨਿਸਾਚਰਸ੍ਰੀਰਘੁਰਾਜਕੇਧਾਇ
ਪ੍ਰਹਾਰੇ॥ਜੋਸਬਤੋਕਰਕਉਸਾਲਿਸੰਅਧਬੀਚਹੀਤੇਸਰਕਾਟਉਤਾਰੇ॥ਫੇਰਬਤੋਕਰ
ਰੋਸਾਵਿਵਾਰਦਨਧਾਇਪਰੇਕਪਿਪੁੰਜਸਮੀਧਾਰੇ॥ਪਾਟਿਸਲੋਹਹਥੀਪਰਸੰਗਨ੍ਰਿਏਜੋਬ੍ਰ
ਵੈਜੈਬਦਾਨੁਚਲਾਵੈ॥੬੦੮॥ਚਬੋਲਾਸ੍ਵੈਯਾ॥ਸ੍ਰੀਰਘੁਰਾਜਸਰਾਸਨਲੇਰਿਸਠਨ
ਧਨੀਰਨਬਾਨਪ੍ਰਹਾਰੇ॥ਬੀਰਨਆਭਦੁਸਾਰਗਏਸਰਐਬਰਤੇਬਰਸੇਜਨਓਰੇ॥ਬਾ
ਜਗਜੀਰਥਸਾਜਾਗਿਰੇਪਰਪਤਅਨੇਕਸੁਕਉਨਗਨਾਵੈ॥ਫਗਨਪਉਨਪ੍ਰਚੰਡਬਹੇ
ਬਨਪਤ੍ਰਨਤੇਜਨੁਮਤ੍ਰਉਡਾਵੈ॥੬੦੯॥ਸਵੈਯਾਛੰਦ॥ਰੋਸਕ੍ਰਰਿਜੋਰਨਮੋਰਘੁਨਾਥਸੁ
ਰਾਵਨਕੇਬਹੁਬਾਨਪ੍ਰਹਾਰੇ॥ਸ੍ਰੋਨਨਨੈਕਲਗਿਓਤਿਨਕੇਤਨਫੇਰਜਿਰੇਤਨਪਾਰਪ
ਧਾਰੇ॥ਬਾਜਗਜੀਰਥਰਾਜਰਥੀਰਨਭੂਮਿਗਿਰੇਇਹਕ੍ਰਾਂਤਸੰਘਾਰੇ॥ਜਾਨੇਬਸੰਤ
ਕੇਅੰਤਸਮੇਕਦਲੀਦਲਪਉਨਪ੍ਰਚੰਡਉਖਾਰੇ॥੬੧੦॥ਧਾਇਪਰੇਕਰਕੋਪਬਨੇਚਰ

Digitized by Panjab Digital Library | www.panjabdigilib.org

ਹੈਤਿਨਕੇਜੀਅਰੋਸਜਗਿਯੋ॥ਕਿਲਕਾਰਪੁਕਾਰਪਰੇਚਹੂੰਘਾਰਨਛਾਡਿਹਠੀਨਹਿਏਕ
ਭਗਿਯੋ॥ਗਹਿਬਾਨਕਮਾਨਗਦਾਬਰਛੀਉਤਤੇਦਲਰਾਵਨਕੋਉਮਗਿਯੋ॥ਭਟਜੂਝਅ
ਜੂਝਿਗਿਰੇਧਰਣੀਦਿਜਰਾਜਭ੍ਰਮਿਯੋਸਿਵਧਿਆਨਭਗਿਯੋ॥੬੧੧॥ਜੂਝਿਅਜੂਝਿਗਿ
ਰੇਭਟਦਾਨਵਘਾਇਨਘਾਇਘਨੇਭਭਕਾਨੇ॥ਜੰਬੁਕਗੀਧਪਿਸਾਚਨਿਸਾਚਰਫੂਲਿਫਿ
ਰੇਰਨਮੋਰਹਸਾਨੇ॥ਕਾਂਪਉਠੀਸੁਦਿਸਾਬਿਦਿਸਾਦਿਗਪਾਲਨਫੇਰਿਪ੍ਰਲੈਅਨਮਾਨੇ॥ਭੂ
ਮਅਕਾਸਉਦਾਸਭਏਗਨਦੇਵਅਦੇਵਭ੍ਰਮੇਭਹਰਾਨੇ॥੬੧੨॥ਰਾਵਨਰੋਸਭਰਿਯੋਰਨਮੋ
ਰਿਸਸੋਸਰਓਘਪ੍ਰਓਘਪ੍ਰਹਾਰੇ॥ਭੂਮਅਕਾਸਦਿਸਾਬਿਦਿਸਾਸਬਓਰਰੁਕੇਨਹਿਜਾਤਨਿ
ਹਾਰੇ॥ਸ੍ਰੀਰਘੁਰਾਜਸਰਾਸਨਲੈਛਿਨਮੋਛਤਕੇਸਰਪੁੰਜਨਿਵਾਰੇ॥ਜਾਨਕਭਾਨਉਦੈਨਿ
ਸਕੋਲਖਿਕੈਸਭਹੀਨਿਤਤੇਜਪਧਾਰੇ॥੬੧੩॥ਰੋਸਭਰੇਰਨਮੋਰਘੁਨਾਥਕਮਾਨਲੈਬਾਨਅ
ਨੇਕਚਲਾਏ॥ਬਾਜਗਜੀਗਜਰਾਜਘਨੇਰਥਰਾਜਬਨੇਕਰਰੋਸਉੜਾਏ॥ਜੇਦੁਖਦੇਹਕ
ਟੇਸੀਅਕੇਹਿਤਤੇਰਨਆਜਪ੍ਰਤਛਦਿਖਾਏ॥ਰਾਜੀਵਲੋਚਨਰਾਮਕੁਮਾਰਘਨੋਰਨਘਾਇ
ਘਨੇਘਰਘਾਏ॥੬੧੪॥ਰਾਵਨਰੋਸਭਰਿਯੋਗਰਜਿਯੋਰਨਮੈਲਹਿਕੈਸਬਸੈਨਭਜਾਨੋ॥
ਆਪਹੀਹਾਕਹਥੀਯਾਰਹਠੀਗਹਿਸ੍ਰੀਰਘੁਨੰਦਨਸੋਰਨਠਾਨਿਯੋ॥ਚਾਬਕਮਾਰਕੁਦਾਇ
ਤੁਰੰਗਨਜਾਇਪਰਿਯੋਕਛੁਤ੍ਰਾਸਨਮਾਨਿਯੋ॥ਬਾਨਨਤੇਬਿਧੁਬਾਹਨਤੇਮਨਮਾਰਤਕੋਰਥ
ਛੈਗਸਿਧਾਨਿਯੋ॥੬੧੫॥ਸ੍ਰੀਰਘੁਨੰਦਨਕੀਭੁਜਤੇਜਬਛੋਰਸਰਾਸਨਬਾਨਉਡਾਨੇ॥ਭੂਮ
ਅਕਾਸਪਤਾਰਚਹੂੰਚਕਪੂਰਰਹੇਨਹਿਜਾਤਪਛਾਨੇ॥ਤੋਰਿਸਨਾਹਸੁਬਾਹਨਕੇਤਨਆਹ
ਕਰੀਨਹੀਪਾਰਪਰਾਨੇ॥ਛੇਦਕਰੋਟਨਓਟਨਕੋਦਅਟਾਨਮੋਜਾਨਕੀਬਾਨਪਛਾਨੇ॥੬੧੬॥
ਸੀਅਸੁਰਾਰਦਨਕੇਕਰਕੋਜਿਨਏਕਹੀਬਾਨਬਿਖੈਤਨਚਾਖਿਯੋ॥ਭਾਜਸਕਿਓਨਾਭਿਰਿ
ਜੋਹਠਕੈਭਟਏਕਹੀਘਾਇਧਰਾਪਰਰਾਖਿਯੋ॥ਛੇਦਸਨਾਹਸੁਬਾਹਨਕੋਸਰਓਟਨਕੋ
ਦਕਰੋਟਨਨਾਖਿਯੋ॥ਸੁਆਰਜੁਨਾਰਅਪਾਰਹਠੀਰਨਹਾਰਿਗਿਰੇਧਰਹਾਇਨਭਾਖਿ
ਯੋ॥੬੧੭॥ਆਨਅਰੇਸੁਮਰੇਸਬਹੀਭਟਜੀਤਬਚੇਰਨਛਾਡਿਪਰਾਨੇ॥ਦੇਵਅਦੇਵਨਕੇ

Digitized by Panjab Digital Library | www.panjabdigilib.org

ਜਿਤਈਆਰਨਕੋਟਿਹਤੇਕਰਏਕਨਜਾਨੋ॥ਸ੍ਰੀਰਘੁਰਾਜਪਰਾਕ੍ਰਮਕੈਬਲਖਿਤਿਜਮਿਬ੍ਰਹਸ
ਬੈਕੁੰਠਪਰਾਨੋ॥ਓਟਨਕੂਦਿਵਕੇ [illegible]
[illegible]॥ਟਨਓਦਸੁਲੰਕਾਹਿਛਾਂਡਿਬਿਲੰਬਪਿਧਾਨੋ॥੬੧੭॥ਰਾਵਨਰੋਸਭ੍ਰ
ਰਿਯੋਰਨਮੈਂਗਹਿਬੀਸਹੂੰਬਾਹਹਥਿਯਾਰਪ੍ਰਹਾਰੇ॥ਭੂਮਿਅਕਾਸਦਿਸਾਬਿਦਿਸਾਚਕ੍ਰਚ
ਰਕੂਕੇਨਹੀਜਾਤਨਿਹਾਰੇ॥ਢੋਕਨਤੈਂਢਲਤੈਮੱਧਤੈਂਅਧਤੈਂਬਧਕੈਰਲਮੈਂਡਲਡਾਰੇ॥ਛੂਟ
ਪੁਜਾਬਰਬਾਜਰਥੀਰਥਕਾਟਿਸਬੈਰਘੁਰਾਜਉਤਾਰੇ॥੬੧੮॥ਰਾਵਨਚਉਪਚਲਿਯੋਚ
ਪਿਕੈਨਿਜਬਾਜਬਿਹੀਨਜਬੈਰਥਜਾਨਿਯੋ॥ਢਾਲਿਤ੍ਰਿਸੂਲਗਦਾਬਰਛੀਗਹਿਸ੍ਰੀਰਘੁ
ਨੈਦਨਸੋਰਨਠਾਨਿਯੋ॥ਧਾਇਪਰਿਯੋਲਲਕਾਰਿਹਠੀਕਪਿਪੁੰਜਨਕੋਕਛੁਤ੍ਰਾਸਨਮਾਨਿਯੋ॥
ਐਗਦਆਦਿਹਨਦਿਤੇਤੇਸੈਕੁਟਕੋਟਹੂੰਤੇਕਰਏਕਨਜਾਨਿਯੋ॥੬੨੦॥ਰਾਵਨਕੋਰਘੁਰਾਜ
ਜਬੈਰਨਮੰਡਲਆਵਤਆਪਨਿਹਾਰਿਯੋ॥ਬੀਸਸਿਲਾਸਿਤਸਾਇਕਲੈਕਰਿਕੈਪ੍ਰਬਤੋਊ
ਰਮਧਿਪ੍ਰਹਾਰਿਯੋ॥ਭ੍ਰਿਟਰਲੇਮਰਮਸਥਲਕੋਸਰਸ੍ਰੋਨਨਦੀਸਰਬੀਚਪਖਾਰਿਯੋ॥ਅ
ਰਮਧਿਪ੍ਰਹਾਰਿਯੋ॥ਭ੍ਰਿਟਰਲੇਮਰਮਸਥਲਕੋਸਰਸ੍ਰੋਨਨਾਮਉਚਾਰਿਯੋ॥੬੨੧॥ਰੋਸਭਰਿਯੋਰਨ
ਰੋਹਿਰਿਗਚਲਿਓਹਨਕੈਭੁਟਧਮਕੈਕੂਲਨਨਾਮਉਚਾਰਿਯੋ॥੬੨੧॥ਰੋਸਭਰਿਯੋਰਨ
ਗੋਹਿਰਿਗਚਲਿਓਹਨਕੈਭੁਟਧਮਕੈਕੂਲਨ॥ਪਾਚਕਪਾਇਹਟਾਇਦਜੋਤਿਹਬੀਸਹੂੰਬਾ
ਮੈਰਘੁਨਥਸੁਪਾਨਕੈਬੀਚਸਰਾਸਨਲੈਕੈ॥ਪਾਚਕਪਾਇਹਟਾਇਦਜੋਤਿਹਬੀਸਹੂੰਬਾ
ਹਿਬਿਨਾਉਹਕੈਕੈ॥ਇੰਦਸਬਨਾਬਿਮਾਨਦਸੋਸਿਰਕਾਟਦਏਸਿਵਲੋਕਪਠੈਕੈ॥ਸ੍ਰੀਰਘੁ
ਰਾਜਬਰਿਯੋਸੀਅਕੋਬਹੁਰੋਜਨੁਜੁਧਸੁਐਬਰਜੈਕੈ॥੬੨੨॥ਇਤਿਸ੍ਰੀਬਚਿਤ੍ਰਨਾਟਕੇ
ਰਾਮਵਤਾਰਦਸਸਿਰਬਧਹਿਧਿਆਇਸਮਾਪਤਮਸਤੁਸੁਭਮਸਤੁ॥੧੭॥ਅਥਮ
ਰਾਮਵਤਾਰਦਸਸਿਰਬਧਹਿਧਿਆਇਸਮਾਪਤਮਸਤੁਸੁਭਮਸਤੁ॥ਸਵੈਯਾਛੰਦ॥
ਦੇਵਗੀਸਮੇਪਬਭੀਛਨਕੋਲੰਕਾਕੋਰਾਜਦੀਬੋ॥ਸੀਤਾਮਿਲਬਕਥਨੋ॥ਸਵੈਯਾਛੰਦ॥
ਇਦ੍ਰਭਰਾਕੁਲਥੋਜਿਹਕੋਤਰਸੂਰਜਚੰਦ੍ਰਹੁਤੋਭੁਜਬੀਤੋ॥ਲੂਟਲਜੇਧਨਜਉਨਧਨੇ
ਸਕੋਬ੍ਰਹਮਹੁਤੋਚਿਤਮੋਨਨਿਚੀਤੋ॥ਇੰਦ੍ਰਸੇਭੂਪਅਨੇਕਲਗੇਇਨਸੋਛਿਰਕੇਗਿਹਜਾ
ਸਕੋਬ੍ਰਹਮਹੁਤੋਚਿਤਮੋਨਨਿਚੀਤੋ॥ਇੰਦ੍ਰਸੇਭੂਪਅਨੇਕਲਗੇਬਰਕੇਸੀਅਜੀਤੋ॥੬੨੩॥ਅਲ
ਤਨਜੀਤੋ॥ਸੋਰਨਆਜੁਭਲੇਰਘੁਰਾਜੁਸੁਜੁਧਸੁਜੈਬਰਕੇਸੀਅਜੀਤੋ॥੬੨੩॥ਅਲ
ਤਨਜੀਤੋ॥ਸੋਰਨਆਜੁਭਲੇਰਘੁਰਾਜੁਸੁਜੁਧਜਿਯੋਲਖਿਰਾਜ॥ਸਟਪਟ
ਕਾਛੰਦ॥ਚਟਪਟਸੋਲੰਖਟਪਟਭਾਜੋ॥ਸਟਪਟਜਾਨਿਜੋਲਖਿਰਾਜੋ॥ਸਟਪਟ

ਤ੍ਰਾਜੇਅਟਪਟਸੂਰੀ॥ਝਟਪਟਬਿਸਰੀਘਟਪਟਹੂਰੀ॥੬੨੪॥ਛਟਪਟਪੇਠੇਖਟਪਟਲੀਕੇ॥
ਰਣਤਜਸੂਰੇਸਰਪਰਬੀਕੇ॥ਲਲਹਲਬਾਰੰਨਰਬਰਨੈਣੀ॥ਧਕਿਧਕਿਉਚਰੈਕੁਕਿਕੁਕਿ
ਬੈਣੀ॥੬੨੫॥ਨਰਬਰਰਾਮੰਬਰਨਮਾਰੋ॥ਝਟਪਟਬਾਹੰਕਟਿਕਟਿਡਾਰੋ॥ਤਬਸਭਕਾਜੇ
ਰਖਿਰਖਿਪ੍ਰਾਣੀ॥ਖਟਪਟਆਰੇਝਟਪਟਬਾਣੀ॥੬੨੬॥ਛਟਪਟਰਾਣੀਸਟਪਟਧਾਈ॥ਰ
ਟਪਟਰੋਵਤਅਟਪਟਆਈ॥ਛਟਪਟਲਾਗੀਅਟਪਟਪਾਯੰ॥ਨਰਬਰਨਿਰਖੇਰਘੁਬਰ
ਰਾਯੰ॥੬੨੭॥ਛਟਪਟਲੋਟੈਅਟਪਟਧਰਣੀ॥ਕਸਿਕਸਿਰੋਵੈਬਰਨਰਬਰਣੀ॥ਖਟਪਟ
ਡਾਰੈਅਟਪਟਕੇਸੀ॥ਬਟਹਰਕੂਕੈਨਟਵਰਭੇਸੀ॥੬੨੮॥ਛਟਪਟਚੀਰੰਅਟਪਟਪਾਰੇ॥
ਧਰਕਰਧੂਰੰਸਿਰਬਰਡਾਰੇ॥ਸਟਪਟਲੋਟੈਖਟਪਟਭੂਮੀ॥ਝਟਪਟਝੂਰੈਘਰਘਰਘੂਮੀ॥੬
੨੯॥ ਰਸਾਵਲਛੰਦ॥ ਜਬੈਬੈਰਮਾਦੇਖੈ॥ਮਹਾਰੂਪਦੇਖੈ॥ਰਹੀਨਿਆਇਸੀਸਾ॥ਸਬੈਨਾਰਿ
ਈਸੀ॥੬੩੦॥ਲਖੇਰੂਪਮੋਹੀ॥ਫਿਰੀਰਾਮਦੋਹੀ॥ਦਈਤਾਹਿਲੰਕਾ॥ਜਿਮੈਰਾਜਟੰਕਾ॥੬੩੧
॥ਕ੍ਰਿਪਾਦ੍ਰਿਸਟਕੀਨੋ॥ਤਰੇਨੇਤ੍ਰਕੀਨੋ॥ਫਿਰੈਬਾਰਐਸੋ॥ਮਹਾਮੇਘਜੈਸੋ॥੬੩੨॥ਛਕੀਪੇ
ਖਿਨਾਰੀ॥ਸਰੰਕਾਮਮਾਰੀ॥ਬਿਧੀਰੂਪਰਾਮੰ॥ਮਹਾਧਰਮਧਾਮੰ॥੬੩੩॥ਤਜੀਨਾਥਪ੍ਰੀਤੰ॥
ਚੁਭੇਰਾਮਚੀਤੰ॥ਰਹੀਜੋਰਨੈਣੰ॥ਕਹੈਮੰਦਬੈਣੰ॥੬੩੪॥ਸੀਆਨਾਥਨੀਕੋ॥ਹਰੈਹਾਰਜੀ
ਕੋ॥ਲਏਜਾਤਚਿਤੰ॥ਮਨੋਚੋਰਬਿਤੰ॥੬੩੫॥ਸਬੈਪਾਇਲਾਗੋ॥ਪਤਿੰਦ੍ਰੋਹਤਿਆਗੋ॥
ਲਗੀਧਾਇਪਾਯੰ॥ਸਬੈਨਾਰਿਆਯੰ॥੬੩੬॥ਮਹਾਰੂਪਜਾਨੋ॥ਚਿਤੰਚੋਰਮਾਨੋ॥ਚੁਭੇਚਿ
ਤਐਸੇ॥ਸਿਤੰਸਾਇਕੈਸੇ॥੬੩੭॥ਲਗੋਹੇਮਰੂਪੀ॥ਸਬੈਭੂਪਭੂਪੀ॥ਰੰਗੇਰੰਗਨੈਣੰ॥ਛਕੇ
ਦੇਵਗੈਣੰ॥੬੩੮॥ਜਿਨੈਏਕਬਾਰੰ॥ਲਖੈਰਾਵਣਾਰੰ॥ਰਹੀਮੋਹਿਤਹ੍ਵੈਕੈ॥ਰਹੀਦੇਖਿ
ਕੈਕੈ॥੬੩੯॥ਛਕੀਰੂਪਰਾਮੰ॥ਗਏਭੂਲਧਾਮੰ॥ਕਰਿਯੋਰਾਮਬੇਧੰ॥ਮਹਾਜੁਧਜੋਧੰ॥੬੪
੦॥ਰਾਮਬਾਚਮੰਦੋਦਰੀਪ੍ਰਤਿ॥ ਰਸਾਵਲਛੰਦ॥ ਸੁਨੋਰਾਜਨਾਰੀ॥ਕਹਾਭੂਲਹਮਾਰੀ॥
ਚਿਤੰਚਿੰਤਕੀਜੈ॥ਪੁਨਰਦੇਸਦੀਜੈ॥੬੪੧॥ਮਿਲੈਮੋਹਿਸੀਤਾ॥ਚਲੈਧਰਮਗੀਤਾ॥
ਪਠਿਓਪਉਨਪੂਤੰ॥ਹਠੋਅੰਗਦੂਤੰ॥੬੪੨॥ਚਲਿਓਪਾਇਕੈਕੈ॥ਸੀਆਸੋਧਲੈਕੈ॥

Digitized by Panjab Digital Library | www.panjabdigilib.org

ਰੁਤੀਬਾਗਮਾਹੀ॥ਤਰੇਬ੍ਰਿਛਛਾਹੀ॥੮੪੩॥ਫਿਰੇਜੋਜਨਾਏਪਾਜੀ॥ਸੁਨੇਸੀਅਮਾਜੀ॥ਰਿ
ਪੈਰਾਮਮਾਰੇ॥ਖਰੇਤੋਹਿਦੁਆਰੇ॥੮੪੪॥ਚਲੋਬੇਗਜੀਤਾ॥ਜਹਾਰਾਮਜੀਤਾ॥ਸਬੈਸਤ੍ਰ
ਮਾਰੇ॥ਭੂਅੰਭਾਰਉਤਾਰੇ॥੮੪੫॥ਚਲੀਮੋਦਕੈਕੈ॥ਹਨੂਮੰਗਲੇਕੈ॥ਸੀਆਰਾਮਦੇ
ਖੇ॥ਉਹੀਰੂਪਲੇਖੇ॥੮੪੬॥ਲਗੀਆਨਪਾਯੰ॥ਲਖੀਰਾਮਰਾਯੰ॥ਕਹਿਜੋਕਉਲਨੈਨੀ
॥ਬਿਧੰਬਾਕਬੈਨੀ॥੮੪੭॥ਧਸੋਆਗਮਧਾ॥ਤਬੈਹੋਹਿਸੁਧਾ॥ਲਈਮਾਨਸੀਸਾ॥ਗਹਿਜੋ
ਪਾਵਕੀਸਾ॥੮੪੮॥ਗਈਪੈਠਐਸੋ॥ਘਨੀਬਿਜਜੈਸੋ॥ਸੁਤੰਜੋਮਗੀਤਾ॥ਮਿਲੀਤੈਮੁਸੀ
ਤਾ॥੮੪੯॥ਧਸੀਧਾਇਕੈਕੈ॥ਕਛੀਕੁੰਦਨਕੈਕੈ॥ਗਰੇਰਾਮਲਾਈ॥ਕਬੀਕ੍ਰਿਤਗਾਈ॥
੮੫੦॥ਸਬੈਸਾਧਮਾਨੀ॥ਤਿਹੂਲੋਕਜਾਨੀ॥ਬਜੇਜੀਤਬਾਜੇ॥ਤਬੈਰਾਮਗਾਜੇ॥੮੫੧॥ਲ
ਈਜੀਤਸੀਤਾ॥ਮਹਾਸੁਭ੍ਰਗੀਤਾ॥ਸਬੈਦੇਵਹਰਖੇ॥ਨਭੰਪੁਹਪਬਰਖੇ॥੮੫੨॥ਇਤਿਸ੍ਰੀ
ਬਚਿਤ੍ਰਨਾਟਕੇਰਾਮਅਵਤਾਰੇਬਭੀਛਨਲੰਕਾਕੋਰਾਜਦੀਬੋਮੰਦੋਦਰੀਸਮੋਧਕੀ
ਬੋਸੀਤਾਮਿਲਬੋਧਿਆਇਸਮਾਪਤਮਸਤਸੁਭਮਸਤੁ॥੧੮॥ਤਬੈਪੁਹਪਬੈਕੈ॥ਚੜ੍ਹੇ
ਜੁਪਜੈਕੈ॥ਸਬੈਸੂਰਗਾਜੇ॥ਜਯੰਗੀਤਬਾਜੇ॥੮੫੩॥ਚਲੇਮੋਦਕੈਕੈ॥ਕਪੀਬਾਹਨ
ਲੈਕੈ॥ਪੁਰੀਅਉਧਪੇਖੀ॥ਸੁਤੰਸੁਰਗਲੇਖੀ॥੮੫੪॥ਮਕਰਾਛੰਦ॥ਸੀਆਲੇਸੀਏ
ਸਆਏ॥ਮੰਗਲਸੁਚਾਰਗਾਏ॥ਆਨੰਦਹੀਏਬਢਾਏ॥ਸਹਰੋਅਵਧਜਹਾਰੋ॥੮
